# ਤੁਹਾਡਾ ਬੱਚਾ ਇਕ

# ਗਵਾਹ ਹੈ

ਮਾਤਾ-ਪਿਤਾ ਅਤੇ ਦੇਖਭਾਲ ਕਰਤਾਵਾਂ
ਲਈ ਪੁਸਤਿਕਾ

# ਤੁਹਾਡਾ ਬੱਚਾ ਇਕ

# ਗਵਾਹ ਹੈ

ਮਾਤਾ-ਪਿਤਾ ਅਤੇ ਦੇਖਭਾਲ ਕਰਤਾਵਾਂ
ਲਈ ਪੁਸਤਿਕਾ

ਸਪ੍ਰਿੰਗਬਰਨ ਦੇ ਐਲਬਰਟ ਪ੍ਰਾਇਮਰੀ ਸਕੂਲ ਅਤੇ ਪੋਲੋਕਸ਼ੀਲਡਜ਼ ਦੇ ਗਲੈਂਡੇਲ ਪ੍ਰਾਇਮਰੀ ਸਕੂਲ ਦੇ ਬੱਚਿਆਂ ਦਾ ਵਿਸ਼ੇਸ਼ ਧੰਨਵਾਦ

ਚਿਤਰਕਾਰ ਐਲੀਨਰ ਮੈਰਿਡਿਥ,
ਡੰਕਨ ਆਫ਼ ਜਾਰਡਨਸਟੋਨ ਕਾਲਜ ਆਫ਼ ਆਰਟ ਐਂਡ ਡਿਜ਼ਾਈਨ, ਯੂਨੀਵਰਸਿਟੀ ਆਫ਼ ਡੰਡੀ

ਐਸਟਰਾਨ ਵਲੋਂ ਸਕਾਟਿਸ਼ ਐਗਜ਼ੈਕਟਿਵ ਲਈ ਤਿਆਰ ਕੀਤੀ ਗਈ B41394 06/05
ਸਕਾਟਿਸ਼ ਐਗਜ਼ੈਕਟਿਵ ਵਲੋਂ ਪ੍ਰਕਾਸ਼ਤ ਕੀਤੀ ਗਈ, ਜੂਨ, 2005
ਇਹ ਪੂਰੀ ਦੀ ਪੂਰੀ ਦਸਤਾਵੇਜ਼ ਰੀਸਾਈਕਲ ਕੀਤੇ ਕਾਗ਼ਜ਼ 'ਤੇ ਛਾਪੀ ਗਈ ਹੈ ਅਤੇ ਇਹ 100% ਰੀਸਾਈਕਲਯੋਗ ਹੈ।

# ਤਤਕਰਾ

**01** ਭੂਮਿਕਾ

**02** ਸਾਂਝੇ ਡਰ ਅਤੇ ਚਿੰਤਾਵਾਂ

**06** ਕੌਣ ਤੁਹਾਨੂੰ ਸਮਰਥਨ ਪ੍ਰਦਾਨ ਕਰ ਸਕਦਾ ਹੈ ਅਤੇ ਤੁਹਾਡੇ ਸਵਾਲਾਂ ਦੇ ਜਵਾਬ ਦੇ ਸਕਦਾ ਹੈ?

**08** ਕੇਸ ਨੂੰ ਕੋਰਟ ਵਿੱਚ ਲਿਜਾਣਾ

**12** ਕੋਰਟ ਦੀ ਤਾਰੀਖ਼

**13** ਕੋਰਟਾਂ ਅਤੇ ਕੋਰਟ-ਕਾਰਵਾਈਆਂ

**14** ਕੋਰਟਰੂਮ ਵਿੱਚ

**16** ਗਵਾਹੀ ਦੇਣਾ

**17** ਕਿਸੇ ਵਿਅਕਤੀ ਦੀ ਸ਼ਨਾਖ਼ਤ ਕਰਨਾ

**18** ਗਵਾਹੀ ਦੇਣ ਲਈ ਉਪਲਬਧ ਵਿਸ਼ੇਸ਼ ਢੰਗ

**19** ਸਕ੍ਰੀਨ ਦੀ ਵਰਤੋਂ

**20** ਟੈਲੀਵਿਯਨ ਲਿੰਕ ਦੀ ਵਰਤੋਂ

**21** ਸਮਰਥਨ ਦੇਣ ਵਾਲੇ ਵਿਅਕਤੀ ਦੀ ਵਰਤੋਂ

**22** ਹੋਰ ਵਿਸ਼ੇਸ਼ ਢੰਗ

**24** ਤੁਸੀਂ ਅਤੇ ਤੁਹਾਡੇ ਬੱਚੇ ਦੇ ਵਿਚਾਰ

**25** ਕੋਰਟ ਵਿੱਚ ਜਾਣਾ

**26** ਉਡੀਕ

**27** ਕੋਰਟ ਦੀਆਂ ਫੇਰੀਆਂ

**28** ਸੂਚਨਾ ਅਗੋਂ ਕਿਸੇ ਹੋਰ ਨੂੰ ਦੇਣੀ

**29** ਕੋਰਟ ਕੇਸ ਦਾ ਨਤੀਜਾ

**30** ਹੋਰ ਉਪਲਬਧ ਸਹਾਇਤਾ

**31** ਟਿੱਪਣੀਆਂ

**32** ਯਾਦ ਰਖਣ ਵਾਲੀਆਂ ਗਲਾਂ

**33** ਲਾਹੇਵੰਦ ਸੰਪਰਕ ਪਤਿਆਂ ਦੇ ਵੇਰਵੇ

# ਭੂਮਿਕਾ

ਇਹ ਪੁਸਤਿਕਾ ਕਿਸੇ ਵੀ ਗਵਾਹ ਬੱਚੇ, ਜਿਸਨੂੰ ਕੋਰਟ ਵਿੱਚ ਗਵਾਹੀ ਦੇਣ ਲਈ ਬੁਲਾਇਆ ਜਾ ਸਕਦਾ ਹੋਵੇ, ਦੇ ਮਾਤਾ-ਪਿਤਾ ਅਤੇ ਦੇਖਭਾਲ ਕਰਤਾਵਾਂ ਲਈ ਹੈ।

- ਬੱਚੇ ਤੋਂ ਭਾਵ ਉਹ ਵਿਅਕਤੀ ਹੈ, ਜਿਸਦੀ ਉਮਰ ਕੇਸ ਸ਼ੁਰੂ ਹੋਣ ਵੇਲੇ 16 ਸਾਲ ਤੋਂ ਘਟ ਹੋਵੇ। ਇਸਦੇ ਕੀ ਅਰਥ ਹਨ, ਕਿਰਪਾ ਕਰਕੇ ਇਸ ਬਾਰੇ ਹੋਰ ਵੇਰਵੇ ਪੁਛੋ।
- ਬੱਚਾ ਇਕ ਅਪਰਾਧਕ ਕੋਰਟ ਕੇਸ ਵਿੱਚ ਜਾਂ ਬੱਚਿਆਂ ਦੀ ਸੁਣਵਾਈ ਲਈ ਕੋਰਟ ਕੇਸ ਵਿੱਚ ਗਵਾਹ ਹੋ ਸਕਦਾ ਹੈ।

ਤਿੰਨ ਵਖ ਵਖ ਵਿਯਕਤੀ ਤੁਹਾਡੇ ਬੱਚੇ ਨੂੰ ਗਵਾਹ ਬਣਨ ਲਈ ਬੁਲਾ ਸਕਦੇ ਹਨ:

- ਪ੍ਰੋਕਿਉਰੇਟਰ ਫ਼ਿਸਕਲ (ਜਿਸਨੂੰ ਫ਼ਿਸਕਲ ਜਾਂ ਇਸਤਗ਼ਾਸੇ ਦਾ ਵਕੀਲ ਵੀ ਕਿਹਾ ਜਾਂਦਾ ਹੈ)
- ਬਚਾਅ ਪੱਖ ਦਾ ਵਕੀਲ ਜਾਂ ਬਚਾਅ ਪੱਖ ਦਾ ਕੌਂਸਲ
- ਬੱਚਿਆਂ ਸੰਬੰਧੀ ਸੁਣਵਾਈ ਲਈ ਰਿਪੋਰਟ।

ਵੇਖਭਾਲ ਕਰਤਾ ਤੋਂ ਭਾਵ ਮਾਤਾ-ਪਿਤਾ ਜਾਂ ਉਹ ਵਿਅਕਤੀ ਹੁੰਦਾ ਹੈ ਜੋ ਬੱਚੇ ਦੀ ਦੇਖਰੇਖ ਕਰਦਾ ਹੈ। ਇਸਤੋਂ ਭਾਵ ਉਹ ਵਿਅਕਤੀ ਵੀ ਹੋ ਸਕਦਾ ਹੈ, ਜੋ ਆਰਜ਼ੀ ਤੌਰ 'ਤੇ ਬੱਚੇ ਦੀ ਦੇਖਭਾਲ ਕਰਦਾ ਹੈ, ਜਿਵੇਂ ਕਿ ਲੈ-ਪਾਲਕ ਦੇਖਭਾਲ ਕਰਤਾ।

ਇਸ ਪੁਸਤਿਕਾ ਇਨ੍ਹਾਂ ਕੇਸਾਂ ਵਿੱਚ ਸਾਰੇ ਮਾਤਾ-ਪਿਤਾ ਅਤੇ ਦੇਖਭਾਲ ਕਰਤਾਵਾਂ ਲਈ ਹੈ।

ਇਕ ਗਵਾਹ ਵਜੋਂ ਅਦਾਲਤ ਵਿੱਚ ਜਾਣਾ ਕਿਸੇ ਲਈ ਵੀ ਇਕ ਬੜਾ ਦਬਾਅ ਵਾਲਾ ਅਨੁਭਵ ਹੋ ਸਕਦਾ ਹੈ। ਬੱਚਿਆਂ ਅਤੇ ਨੌਜਵਾਨਾਂ ਨੂੰ ਵਧੀਕ ਸਮਰਥਨ ਦੀ ਜ਼ਰੂਰਤ ਹੋ ਸਕਦੀ ਹੈ।

ਇਹ ਤੁਹਾਡੇ ਲਈ ਵੀ ਚਿੰਤਾਜਨਕ ਸਮਾਂ ਹੋ ਸਕਦਾ ਹੈ।

ਸਾਨੂੰ ਆਸ ਹੈ ਕਿ ਇਸ ਪੁਸਤਿਕਾ ਤੋਂ ਤੁਹਾਨੂੰ ਕੋਰਟ ਬਾਰੇ ਆਪਣੇ ਕੋਈ ਵੀ ਸਵਾਲਾਂ ਦੇ ਅਤੇ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਹੋ ਸਕਣ ਵਾਲੀਆਂ ਚਿੰਤਾਵਾਂ ਦੇ ਉੱਤਰ ਮਿਲ ਸਕਣਗੇ।

ਜੇ ਤੁਸੀਂ ਵੀ ਇਕ ਗਵਾਹ ਹੋ ਤਾਂ ਹੋਰ ਸੂਚਨਾ ਪ੍ਰੋਕਿਉਰੇਟਰ ਫ਼ਿਸਕਲ, ਵਕੀਲ ਜਾਂ ਰਿਪੋਰਟਰ ਤੁਹਾਨੂੰ ਦੇ ਸਕਦੇ ਹਨ।

ਬੱਚੇ ਨੂੰ ਕੋਰਟ ਲਈ ਤਿਆਰੀ ਵਿੱਚ ਮਦਦ ਦਿੰਦਿਆਂ ਹੋਇਆਂ ਤੁਹਾਨੂੰ ਕਦੀ ਵੀ ਬੱਚੇ ਨੂੰ ਇਹ ਨਹੀਂ ਦਸਣਾ ਚਾਹੀਦਾ ਕਿ ਉਹ ਉਥੇ ਕੀ ਕਹੇ ਜਾਂ ਉਸ ਨਾਲ ਜਵਾਬਾਂ ਦਾ ਅਭਿਆਸ ਨਹੀਂ ਕਰਨਾ ਚਾਹੀਦਾ।

ਬੱਚੇ ਦੀ ਗਵਾਹੀ 'ਤੇ ਆਲੋਚਨਾ ਹੋ ਸਕਦੀ ਹੈ, ਜੇ ਇਹ ਜਾਪੇ ਕਿ ਕਿਸੇ ਨੇ ਉਸਨੂੰ ਦਸਿਆ ਹੋਇਆ ਹੈ ਕਿ ਉਹ ਕੋਰਟ ਵਿੱਚ ਕੀ ਕਹੇ।

ਜੇ ਇੰਜ ਪ੍ਰਤੀਤ ਹੋਵੇ ਕਿ ਬੱਚੇ ਨੂੰ ਸਿਖਾਇਆ ਪੜ੍ਹਾਇਆ ਗਿਆ ਹੈ, ਤਾਂ ਕੇਸ ਵਿੱਚੋ ਛਡਿਆ ਜਾ ਸਕਦਾ ਹੈ।

# ਸਾਂਝੇ ਡਰ ਅਤੇ ਚਿੰਤਾਵਾਂ

ਤੁਹਾਡੇ ਬੱਚੇ ਬਾਰੇ ਤੁਹਾਡੀਆਂ ਚਿੰਤਾਵਾਂ ਮਹਤੱਵਪੂਰਨ ਹਨ।

ਜੇ ਤੁਹਾਨੂੰ ਚਿੰਤਾ ਹੈ ਕਿ ਕਾਨੂੰਨੀ ਪ੍ਰਕਿਰਿਆ ਦਾ ਕੋਈ ਹਿੱਸਾ ਤੁਹਾਡੇ ਬੱਚੇ ਨੂੰ ਪਰੇਸ਼ਾਨ ਕਰ ਸਕਦਾ ਹੈ ਤਾਂ ਅਜਿਹੇ ਵਿਅਕਤੀ ਹੈਨ ਜੋ ਤੁਹਾਨੂੰ ਸਲਾਹ ਦੇ ਸਕਦੇ ਹਨ ਅਤੇ ਸਮਰਥਨ ਪ੍ਰਦਾਨ ਕਰ ਸਕਦੇ ਹਨ।

ਪੰਨਾ 6 'ਤੇ ਉਨ੍ਹਾਂ ਵਿਅਕਤੀਆਂ ਦੇ ਵੇਰਵੇ ਦਿਤੇ ਗਏ ਹਨ, ਜੋ ਤੁਹਾਡੇ ਸਵਾਲਾਂ ਦੇ ਜਵਾਬ ਦੇ ਸਕਦੇ ਹਨ।

ਹੋ ਸਕਦਾ ਹੈ ਕਿ ਤੁਹਾਡਾ ਬੱਚਾ:

- ਕਿਸੇ ਅਪਰਾਧ ਤੋਂ ਪੀੜਤ ਹੋਵੇ
- ਬੱਚਿਆਂ ਸੰਬੰਧੀ ਸੁਣਵਾਈ ਕੋਰਟ ਦੀ ਕਾਰਵਾਈ ਵਿੱਚ ਸ਼ਾਮਲ ਹੋਵੇ
- ਕਿਸੇ ਕੇਸ ਵਿੱਚ ਗਵਾਹ ਹੋਵੇ
- ਇਕ ਮੁਕੱਦਮੇ ਵਿੱਚ ਦੋਸ਼ੀ ਹੋਵੇ, ਜੋ ਇਕ ਗਵਾਹ ਵਜੋਂ ਗਵਾਹੀ ਦੇ ਰਿਹਾ ਹੋਵੇ।

ਕੁਝ ਬੱਚੇ ਇਕ ਗਵਾਹ ਬਣਨ ਦੀ ਸਥਿੱਤੀ ਨਾਲ ਚੰਗੀ ਤਰ੍ਹਾਂ ਨਜਿਠ ਲੈਂਦੇ ਹਨ, ਪਰ ਕੁਝ ਹੋਰਨਾਂ ਲਈ ਇਹ ਤਣਾਅਪੂਰਨ ਅਤੇ ਕਠਿਨ ਹੋ ਸਕਦਾ ਹੈ।

ਇਕ ਨੌਜਵਾਨ ਗਵਾਹ ਦਾ ਫ਼ਿਕਰਮੰਦ ਹੋਣਾ ਇਕ ਬਹੁਤ ਸੁਭਾਵਕ ਗਲ ਹੈ ਅਤੇ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਉਸਨੂੰ ਉਤਸਾਹਿਤ ਕਰੋ ਕਿ ਉਹ ਤੁਹਾਨੂੰ ਦਸੇ ਕਿ ਉਸ ਨੂੰ ਕਿਸ ਗਲ ਦੀ ਚਿੰਤਾ ਹੈ।

ਹੇਠਾਂ ਕੁਝ ਉਹ ਆਮ ਗਲਾਂ ਹਨ, ਜਿਨਾਂ 'ਤੇ ਬਚਿਆਂ ਨੂੰ ਉਨ੍ਹਾਂ ਦੇ ਕਹਿਣ ਮੁਤਾਬਿਕ ਸਭ ਤੋਂ ਵਧ ਚਿੰਤਾ ਹੁੰਦੀ ਹੈ।

- ਕੋਰਟ ਵਿੱਚ ਕਿਸੇ ਅਜਿਹੇ ਵਿਅਕਤੀ ਨੂੰ ਵੇਖਣਾ ਜਿਸ ਕੋਲੋਂ ਉਨ੍ਹਾਂ ਨੂੰ ਡਰ ਲਗਦਾ ਹੋਵੇ: ਪ੍ਰੋਕਿਉਰੇਟਰ ਫ਼ਿਸਕਲ, ਵਕੀਲ ਜਾਂ ਰਿਪੋਰਟਰ ਨਾਲ ਇਸ ਬਾਰੇ ਗਲ ਕਰੋ। ਹੋ ਸਕਦਾ ਹੈ ਕਿ ਕੋਰਟ ਵਿੱਚ ਕੋਈ ਅਜਿਹੇ ਪ੍ਰਬੰਧ ਕਰਨਾ ਸੰਭਵ ਹੋਵੇ ਕਿ ਤੁਹਾਡੇ ਬੱਚੇ ਨੂੰ ਉਹ ਵਿਅਕਤੀ ਵਿਖਾਈ ਨਾਂਹ ਦੇਵੇ, ਜਿਸ ਤੋਂ ਉਸ ਨੂੰ ਡਰ ਆਉਂਦਾ ਹੈ। ਕਾਨੂੰਨ ਦੇ ਤਹਿਤ ਕੋਰਟ ਨੂੰ ਤੁਹਾਡੇ ਬੱਚੇ ਨੂੰ, ਜਦੋਂ ਉਹ ਗਵਾਹੀ ਦੇ ਰਿਹਾ ਹੋਵੇ, ਸਮਰਥਨ ਦੇਣ ਲਈ ਵਿਸ਼ੇਸ਼ ਅਖ਼ਤਿਆਰ ਪ੍ਰਾਪਤ ਹਨ। ਇਨ੍ਹਾਂ ਦੇ ਵੇਰਵੇ ਇਸ ਪੁਸਤਿਕਾ ਵਿੱਚ ਅਗੇ ਜਾ ਕੇ ਦਿਤੇ ਗਏ ਹਨ।

- ਸੱਚ ਬਿਆਨ ਕਰਨ ਤੋਂ ਡਰਨਾ: ਆਪਣੇ ਬੱਚੇ ਨੂੰ ਯਕੀਨ ਦਿਵਾਉ ਕਿ ਗਵਾਹ ਦਾ ਕੰਮ ਕੋਰਟ ਦੀ ਸਹਾਇਤਾ ਕਰਨਾ ਹੈ ਅਤੇ ਠੀਕ ਇਹੀ ਹੈ ਕਿ ਸਭ ਕੁਝ ਸੱਚ ਸੱਚ ਦਸਿਆ ਜਾਵੇ।

- ਸਵਾਲਾਂ ਨਾਲ ਕਿਵੇਂ ਨਿਪਟਿਆ ਜਾਵੇ: ਆਪਣੇ ਬੱਚੇ ਨੂੰ ਦਸੋ ਕਿ ਉਹ ਕਾਹਲ ਨਾਂਹ ਕਰੇ ਅਤੇ ਗਲ ਧਿਆਨ ਨਾਲ ਸੁਣੇ। ਉਸਨੂੰ ਜਲਦੀ ਕਰਨ ਦੀ ਲੋੜ ਨਹੀਂ। ਜੇ ਉਸ ਨੂੰ ਕੋਈ ਗਲ ਸਮਝ ਨਹੀਂ ਆਉਂਦੀ, ਤਾਂ ਇਹ ਦਸਣ ਵਿੱਚ ਕੋਈ ਹਰਜ ਨਹੀਂ। ਜੇ ਉਸਨੂੰ ਕੋਈ ਗਲ ਯਾਦ ਨਹੀਂ, ਤਾਂ ਇਹ ਕਹਿਣ ਵਿੱਚ ਕੋਈ ਹਰਜ ਨਹੀਂ।

- ਜੇ ਬੱਚਾ ਭੰਬਲਭੂਸੇ ਵਿੱਚ ਪੈ ਜਾਵੇ?: ਕਈ ਬੱਚਿਆਂ ਨੂੰ ਇਸ ਗਲ ਤੋਂ ਪਰੇਸ਼ਾਨੀ ਹੁੰਦੀ ਹੈ ਕਿ ਕਿਤੇ ਉਹ ਮੂਰਖ ਨਾਂਹ ਬਣੇ ਜਾਂ ਕੋਰਟ ਵਿੱਚ ਲੋਕ ਇਹ ਨਾਂਹ ਸਮਝਣ ਕਿ ਉਹ ਬੇਵਕੂਫ਼ ਹੈ। ਜੇ ਬੱਚਾ ਭੰਬਲਭੂਸੇ ਵਿੱਚ ਪੈ ਜਾਏ, ਅਤੇ ਮਹਿਸੂਸ ਕਰੇ ਕਿ ਉਸਨੂੰ ਵਕਫ਼ੇ ਦੀ ਜ਼ਰੂਰਤ ਹੈ, ਤਾਂ ਕੋਰਟ ਨੂੰ ਇਹ ਗਲ ਕਹਿਣ ਵਿੱਚ ਕੋਈ ਹਰਜ ਨਹੀਂ ਹੈ।

- ਸਕੂਲ ਵਿੱਚ ਜਾਂ ਦੋਸਤਾਂ ਨੂੰ ਕੀ ਕਹਿਣਾ ਹੈ: ਚੰਗਾ ਇਹ ਹੈ ਕਿ ਤੁਹਾਡੇ ਬੱਚੇ ਦੇ ਅਧਿਆਪਕ ਨੂੰ ਪਤਾ ਹੋਵੇ ਕਿ ਬੱਚਾ ਇਕ ਕਠਿਨ ਸਮੇਂ 'ਚੋਂ ਲੰਘ ਰਿਹਾ ਹੈ। ਦੂਜੇ ਬੱਚਿਆਂ ਨੂੰ ਦਸਣ ਦੀ ਲੋੜ ਨਹੀਂ ਹੈ। ਇਹ ਫ਼ੈਸਲਾ ਤੁਸੀਂ ਅਤੇ ਤੁਹਾਡੇ ਬੱਚੇ ਨੇ ਕਰਨਾ ਹੈ ਕਿ ਦੂਜੇ ਲੋਕਾਂ ਨੂੰ ਕੀ ਕਹਿਣਾ ਹੈ।

ਵਿਹਾਰ ਵਿੱਚ ਤਬਦੀਲੀਆਂ

ਕੁਝ ਬੱਚੇ ਗਵਾਹ ਬਣਨ ਦੇ ਸੰਬੰਧ ਵਿੱਚ ਇਨੇ ਫ਼ਿਕਰਮੰਦ ਹੁੰਦੇ ਹਨ, ਕਿ ਇਸਦਾ ਉਨ੍ਹਾਂ ਦੇ ਨਿਤ ਦਿਨ ਦੇ ਵਿਹਾਰ 'ਤੇ ਅਸਰ ਪੈ ਸਕਦਾ ਹੈ।

ਜੇ ਤੁਹਾਡੇ ਬੱਚੇ ਨੂੰ ਕੋਈ ਵਿਸ਼ੇਸ਼ ਸਮੱਸਿਆਵਾਂ ਪੇਸ਼ ਆ ਰਹੀਆਂ ਹਨ, ਤਾਂ ਕਿਰਪਾ ਕਰਕੇ ਪ੍ਰੋਕਿਉਰੇਟਰ ਫ਼ਿਸਕਲ, ਵਕੀਲ, ਰਿਪੋਰਟਰ, ਪੁਲੀਸ ਜਾਂ ਸੋਸ਼ਲ ਵਰਕਰ ਨੂੰ ਦਸੋ।

ਤੁਹਾਨੂੰ ਹਮੇਸ਼ਾ ਆਪਣੇ ਬੱਚੇ ਦੀ ਗਲ ਸੁਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਭਾਵੇਂ ਤੁਹਾਨੂੰ ਇਹ ਸਮਝ ਨਾਂਹ ਆਏ, ਕਿ ਉਹ ਕਿਉਂ ਇਸਤਰ੍ਹਾਂ ਮਹਿਸੂਸ ਕਰ ਰਿਹਾ ਹੈ।

ਸਭ ਤੋਂ ਜ਼ਰੂਰੀ ਗਲ ਇਹ ਹੈ ਕਿ ਤੁਹਾਡਾ ਬੱਚਾ ਇਹ ਸਮਝੇ ਕਿ ਉਹ ਕਿਸੇ ਨੂੰ ਦਸ ਸਕਦਾ ਹੈ ਕਿ ਉਹ ਚਿੰਤਾਤੁਰ ਹੈ, ਉਹ ਆਪਣੀਆਂ ਭਾਵਨਾਵਾਂ ਪ੍ਰਗਟ ਕਰ ਸਕਦਾ ਹੈ ਅਤੇ ਉਸਨੂੰ ਲੋੜੀਂਦਾ ਸਮਰਥਨ ਮਿਲੇਗਾ।

ਜੇ ਤੁਹਾਡੇ ਬੱਚੇ ਨੂੰ ਬਹੁਤ ਸਮੱਸਿਆਵਾਂ ਪੇਸ਼ ਆ ਰਹੀਆਂ ਹਨ, ਤਾਂ ਹੋ ਸਕਦਾ ਹੈ ਕਿ ਤੁਸੀਂ ਉਸਦੀ ਥੈਰਿਪੀ ਜਾਂ ਕੌਂਸਲਿੰਗ ਕਰਾਉਣੀ ਚਾਹੋ। ਕਦੀ ਕਦੀ ਇਹ ਇਕ ਚੰਗਾ ਵਿਚਾਰ ਹੋ ਸਕਦਾ ਹੈ। ਹੋ ਸਕਦਾ ਹੈ ਕਿ ਤੁਸੀਂ ਆਪਣੇ ਡਾਕਟਰ ਜਾਂ ਸੋਸ਼ਲ ਵਰਕਰ ਨਾਲ ਇਸ ਬਾਰੇ ਗਲ ਕਰਨੀ ਚਾਹੋ। ਥੈਰਿਪੀ ਜਾਂ ਕੌਂਸਲਿੰਗ ਕਰਾਉਣ ਵਿੱਚ ਢਿਲ ਨਹੀਂ ਪਾਉਣੀ ਚਾਹੀਦੀ। ਜੇ ਥੈਰਿਪੀ ਜਾਂ ਕੌਂਸਲਿੰਗ ਕੋਰਟ ਕੇਸ ਤੋਂ ਪਹਿਲਾਂ ਸ਼ੁਰੂ ਹੋਣ ਵਾਲੀ ਹੋਵੇ, ਤਾਂ ਕਿਰਪਾ ਕਰਕੇ ਪ੍ਰੋਕਿਉਰੇਟਰ ਫ਼ਿਸਕਲ, ਵਕੀਲ ਜਾਂ ਰਿਪੋਰਟਰ ਨੂੰ ਇਹ ਗਲ ਦਸਣਾ ਯਾਦ ਰਖੋ।

ਆਪਣੇ ਬੱਚੇ ਨੂੰ ਦਸੋ ਕਿ:

- ਸੱਚ ਬਿਆਨ ਕਰਨਾ ਹਮੇਸ਼ਾ ਚੰਗਾ ਹੁੰਦਾ ਹੈ
- ਉਹ ਇਕ ਬਹੁਤ ਅਹਿਮ ਕੰਮ ਕਰ ਰਿਹਾ ਹੈ
- ਉਹ ਕੋਰਟ ਵਲੋਂ ਕੀਤੇ ਜਾਣ ਵਾਲੇ ਫ਼ੈਸਲੇ ਲਈ ਜ਼ਿਮੇਵਾਰ ਨਹੀਂ ਹੈ

ਤੁਹਾਡੇ ਆਪਣੇ ਡਰ ਅਤੇ ਸਰੋਕਾਰ

ਕਈ ਮਾਤਾ-ਪਿਤਾ ਨੂੰ ਵੀ ਇਸ ਮੌਕੇ 'ਤੇ ਸਮਰਥਨ ਦੀ ਜ਼ਰੂਰਤ ਹੁੰਦੀ ਹੈ। ਜੇ ਕੁਝ ਮਾਤਾ-ਪਿਤਾ ਨੂੰ, ਜੋ ਕੁਝ ਹੋਇਆ ਉਸ 'ਤੇ ਗ਼ੁਸਾ ਆਉਂਦਾ ਹੈ, ਜਾਂ ਉਨ੍ਹਾਂ ਨੂੰ ਇਹ ਚਿੰਤਾ ਹੋਵੇ ਕਿ ਉਹ ਕਿਵੇਂ ਆਪਣੇ ਬੱਚੇ ਨੂੰ ਸਮਰਥਨ ਦੇਣ, ਤਾਂ ਇਹ ਕੋਈ ਆਸਾਧਾਰਨ ਗਲ ਨਹੀਂ। ਤੁਸੀਂ ਆਪਣੀਆਂ ਭਾਵਨਾਵਾਂ ਕਾਰਨ ਨਾਂਹ ਘਬਰਾਉ ਅਤੇ ਨਾਂਹ ਹੀ ਪਰੇਸ਼ਾਨ ਹੋਵੋ। ਕੁਝ ਵਿਅਕਤੀ ਹੈਨ, ਜਿਨ੍ਹਾਂ ਕੋਲੋਂ ਤੁਸੀਂ ਸਹਾਇਤਾ ਜਾਂ ਸਲਾਹ ਮੰਗ ਸਕਦੇ ਹੋ।

ਕਦੀ ਕਦੀ ਤੁਹਾਡੇ ਲਈ, ਜਦੋਂ ਬੱਚਾ ਤੁਹਾਡੇ ਆਸਪਾਸ ਹੋਵੇ, ਪੂਰਾ ਵਕਤ ਆਪਣੀਆਂ ਭਾਵਨਾਵਾਂ ਨੂੰ ਲੁਕਾਉਣਾ ਮੁਸ਼ਕਲ ਹੋ ਸਕਦਾ ਹੈ। ਜੇ ਤੁਹਾਡਾ ਬੱਚਾ ਇਹ ਸਮਝਦਾ ਹੈ, ਕਿ ਤੁਸੀਂ ਗ਼ੁਸੇ ਹੋ ਜਾਂ ਪਰੇਸ਼ਾਨ ਹੋ, ਤਾਂ ਹੋ ਸਕਦਾ ਹੈ ਕਿ ਉਹ ਇਹਦੇ ਲਈ ਆਪਣੇ ਆਪਨੂੰ ਕਸੂਰਵਾਰ ਮੰਨੇ। ਇਸਤਰ੍ਹਾਂ ਉਸਦੀਆਂ ਚਿੰਤਾਵਾਂ ਹੋਰ ਵਧ ਸਕਦੀਆਂ ਹਨ। ਆਪਣੇ ਬੱਚੇ ਨੂੰ ਇਹ ਭਰੋਸਾ ਦਿਵਾਉਣ ਦੀ ਕੋਸ਼ਿਸ਼ ਕਰੋ, ਕਿ ਤੁਸੀਂ ਉਸ ਨਾਲ ਨਾਰਾਜ਼ ਨਹੀਂ ਹੋ।

ਤੁਸੀਂ ਅਤੇ ਤੁਹਾਡਾ ਬੱਚਾ ਦੋਵੇਂ ਵਧੇਰੇ ਵਿਸ਼ਵਾਸ ਮਹਿਸੂਸ ਕਰੋਗੇ, ਅਤੇ ਘਟ ਫ਼ਿਕਰਮੰਦ ਹੋਵੋਗੇ, ਜੇ ਤੁਹਾਨੂੰ ਪਤਾ ਹੋਵੇ ਕਿ ਕੋਰਟ ਕੇਸ ਤੋਂ ਪਹਿਲਾਂ ਅਤੇ ਇਸ ਦੌਰਾਨ ਕੀ ਹੋਵੇਗਾ। ਜੇ ਤੁਹਾਨੂੰ ਇਹ ਪੁਸਤਿਕਾ ਦਿਤੀ ਗਈ ਹੈ, ਤਾਂ ਤੁਹਾਡੇ ਬੱਚੇ ਜਾਂ ਬੱਚਿਆਂ ਨੂੰ, ਉਨ੍ਹਾਂ ਦੀ ਉਮਰ ਨੂੰ ਧਿਆਨ ਵਿੱਚ ਰਖਦਿਆਂ, ਗਵਾਹ ਬਣਨ ਬਾਰੇ ਪੁਸਤਿਕਾ ਦਿਤੀ ਗਈ ਹੋਵੇਗੀ।

ਦੋ ਪੁਸਤਿਕਾਵਾਂ ਹਨ: ਇਕ ਛੋਟੇ ਬੱਚਿਆਂ ਲਈ ਅਤੇ ਇਕ 15 ਸਾਲ ਤਕ ਦੀ ਉਮਰ ਦੇ ਨੌਜਵਾਨਾਂ ਲਈ।

ਇਹ ਜ਼ਰੂਰੀ ਹੈ ਕਿ ਤੁਹਾਡਾ ਬੱਚਾ ਆਪਣੀ ਪੁਸਤਿਕਾ ਪੜ੍ਹੇ ਜਾਂ ਕੋਈ ਹੋਰ ਉਸਨੂੰ ਪੜ੍ਹਕੇ ਸੁਣਾਏ ਅਤੇ ਉਸਨੂੰ ਇਹ ਸਮਝਣ ਵਿੱਚ ਮਦਦ ਕਰੇ ਕਿ ਗਵਾਹ ਬਣਨ ਦਾ ਕੀ ਮਤਲਬ ਹੈ।

# ਕੌਣ ਤੁਹਾਨੂੰ ਸਮਰਥਨ ਪ੍ਰਦਾਨ ਕਰ ਸਕਦਾ ਹੈ ਅਤੇ ਤੁਹਾਡੇ ਸਵਾਲਾਂ ਦੇ ਜਵਾਬ ਦੇ ਸਕਦਾ ਹੈ?

ਪ੍ਰੋਕਿਉਰੇਟਰ ਫ਼ਿਸਕਲ: ਪ੍ਰੋਕਿਉਰੇਟਰ ਫ਼ਿਸਕਲ ਉਹ ਵਕੀਲ ਹੈ ਜੋ ਫ਼ੈਸਲਾ ਕਰਦਾ ਹੈ ਕਿ ਕੀ ਕਿਸੇ ਅਪਰਾਧਕ ਕੇਸ ਨੂੰ ਅਦਾਲਤ ਵਿੱਚ ਲਿਜਾਣਾ ਚਾਹੀਦਾ ਹੈ ਜਾਂ ਨਹੀਂ। ਉਹ ਤੁਹਾਡੇ ਕੁਝ ਸਵਾਲਾਂ ਦੇ ਜਵਾਬ ਦੇ ਸਕੇਗਾ।

ਪੀੜਤਾਂ ਲਈ ਸੂਚਨਾ ਅਤੇ ਸਲਾਹ **(VIA)**: ਹੋ ਸਕਦਾ ਹੈ ਕਿ VIA ਦੇ ਕਿਸੇ ਵਿਅਕਤੀ ਵਲੋਂ, ਜੋ ਪ੍ਰੋਕਿਉਰੇਟਰ ਫ਼ਿਸਕਲ ਨਾਲ ਕੰਮ ਕਰਦਾ ਹੈ, ਤੁਹਾਨੂੰ ਇਕ ਪਤੱਰ ਅਤੇ ਕੁਝ ਹੋਰ ਲੀਫ਼ਲੈੱਟ ਭੇਜੇ ਗਏ ਹੋਣ। ਇਨ੍ਹਾਂ ਲੀਫ਼ਲੈਟਾਂ ਤੋਂ ਤੁਹਾਨੂੰ ਕੋਰਟ ਦੀਆਂ ਵਖ ਵਖ ਪ੍ਰਕਿਰਿਆਵਾਂ ਬਾਰੇ ਜਾਣਕਾਰੀ ਮਿਲੇਗੀ। ਤੁਸੀਂ ਕੋਰਟ ਕੇਸ ਬਾਰੇ ਸੂਚਨਾ ਲਈ ਜਾਂ ਆਪਣੇ ਬੱਚੇ ਦੀਆਂ ਚਿੰਤਾਵਾਂ ਜਾਂ ਮੁਸ਼ਕਲਾਂ ਬਾਰੇ ਗਲ ਕਰਨ ਲਈ VIA ਨਾਲ ਸੰਪਰਕ ਕਰ ਸਕਦੇ ਹੋ।

ਬੱਚਿਆਂ ਬਾਰੇ ਰਿਪੋਰਟਰ: ਬੱਚਿਆਂ ਸੰਬੰਧੀ ਸੁਣਵਾਈ ਦੇ ਕੋਰਟ ਕੇਸਾਂ ਵਿੱਚ, ਬੱਚਿਆਂ ਬਾਰੇ ਰਿਪੋਰਟਰ ਬੱਚੇ ਦੇ ਹਿਤਾਂ ਦਾ ਧਿਆਨ ਰਖਦਾ ਹੈ। ਕੁਝ ਹਾਲਤਾਂ ਵਿੱਚ ਇਕ ਸੇਫ਼ਗਾਰਡਰ ਵੀ ਹੁੰਦਾ ਹੈ, ਜੋ ਬੱਚੇ ਦੇ ਹਿਤਾਂ ਦਾ ਧਿਆਨ ਰਖਦਾ ਹੈ। ਉਹ ਤੁਹਾਡੇ ਕੁਝ ਸਵਾਲਾਂ ਦੇ ਜਵਾਬ ਦੇ ਸਕਦਾ ਹੈ ਅਤੇ ਤੁਹਾਡੇ ਵਾਸਤੇ ਵਧੀਕ ਸਮਰਥਨ ਲਈ, ਸ਼ਾਇਦ ਇਕ ਸੋਸ਼ਲ ਵਰਕਰ ਦੁਆਰਾ ਸਮਰਥਨ ਲਈ ਪ੍ਰਬੰਧ ਕਰ ਸਕਦਾ ਹੈ।

ਵਕੀਲ: ਕਦੀ ਕਦੀ ਅਪਰਾਧਕ ਕੇਸਾਂ ਵਿੱਚ ਜਾਂ ਬੱਚਿਆਂ ਸੰਬੰਧੀ ਸੁਣਵਾਈ ਦੇ ਕੋਰਟ ਕੇਸਾਂ ਵਿੱਚ ਵਕੀਲ ਇਕ ਬੱਚੇ ਨੂੰ ਗਵਾਹ ਵਜੋਂ ਬੁਲਾ ਸਕਦਾ ਹੈ। ਵਕੀਲ ਨੂੰ ਚਾਹੀਦਾ ਹੈ ਕਿ ਉਹ ਤੁਹਾਨੂੰ ਸੂਚਨਾ ਦੇਵੇ। ਉਹ ਤੁਹਾਨੂੰ ਹੋਰ ਸੂਚਨਾ ਅਤੇ ਸਲਾਹ ਲਈ ਕੋਰਟ ਦੀ ਗਵਾਹ ਸੇਵਾ (ਵਿਟਨੈੱਸ ਸਰਵਿਸ) ਕੋਲ ਭੇਜ ਸਕਦਾ ਹੈ।

ਪੁਲੀਸ: ਹੋ ਸਕਦਾ ਹੈ ਕਿ ਤੁਹਾਡੇ ਬੱਚੇ ਨੇ ਇਕ ਪੁਲੀਸ ਅਫ਼ਸਰ ਨਾਲ ਗਲ ਕੀਤੀ ਹੋਵੇ। ਪੁਲੀਸ ਤੁਹਾਨੂੰ ਇਹ ਪਤਾ ਲਾਉਣ ਵਿੱਚ ਮਦਦ ਦੇ ਸਕਦੀ ਹੈ, ਕਿ ਕੋਰਟ ਕੇਸ ਦਾ ਕੀ ਹੋ ਰਿਹਾ ਹੈ।

ਸੋਸ਼ਲ ਵਰਕਰ: ਹੋ ਸਕਦਾ ਹੈ ਕਿ ਤੁਹਾਡੇ ਬੱਚੇ ਨੇ ਇਕ ਸੋਸ਼ਲ ਵਰਕਰ ਨਾਲ ਵੀ ਗਲ ਕੀਤੀ ਹੋਵੇ। ਸੋਸ਼ਲ ਵਰਕਰ ਉਨ੍ਹਾਂ ਬੱਚਿਆਂ (ਅਤੇ ਬਾਲਗ਼ਾਂ) ਨੂੰ ਸਮਰਥਨ ਦੇ ਸਕਦੇ ਹਨ, ਜਿਨ੍ਹਾਂ ਨੂੰ ਵਧੀਕ ਸਹਾਇਤਾ ਦੀ ਜ਼ਰੂਰਤ ਹੈ। ਤੁਹਾਡਾ ਸਥਾਨਕ ਸੋਸ਼ਲ ਵਰਕ ਬਾਰੇ ਦਫ਼ਤਰ, ਤੁਹਾਨੂੰ ਹੋਰ ਸਮਰਥਨ ਏਜੰਸੀਆਂ ਜਾਂ ਕੌਂਸਲਰਾਂ ਬਾਰੇ ਕੁਝ ਸਲਾਹ ਦੇਣ ਦੇ ਯੋਗ ਹੋ ਸਕਦਾ ਹੈ।

ਵਿਕਟਮ ਸਪੋਰਟ ਸਕਾਟਲੈਂਡ (ਪੀੜਤਾਂ ਲਈ ਸਮਰਥਨ) ਦੀ ਗਵਾਹ ਸੇਵਾ: ਹਰ ਸ਼ੈਰਿਫ਼ ਕੋਰਟ ਅਤੇ ਹਾਈ ਕੋਰਟ ਦੀ ਇਕ ਗਵਾਹ ਸੇਵਾ ਹੁੰਦੀ ਹੈ, ਜੋ ਸਹਾਇਤਾ ਦੀ ਮੰਗ ਕਰਨ ਵਾਲੇ ਕਿਸੇ ਵੀ ਗਵਾਹ, ਮਾਤਾ-ਪਿਤਾ ਜਾਂ ਵੇਖਭਾਲ ਕਰਤਾ ਨੂੰ ਸਲਾਹ, ਸਹਾਇਤਾ ਅਤੇ ਸਮਰਥਨ ਪ੍ਰਦਾਨ ਕਰਦੀ ਹੈ। ਗਵਾਹ ਸੇਵਾ ਆਮ ਕਰਕੇ ਕੋਰਟ ਦੀਆਂ ਫੇਰੀਆਂ ਲਈ ਪ੍ਰਬੰਧ ਕਰਦੀ ਹੈ। ਹੋ ਸਕਦਾ ਹੈ ਕਿ VIA ਨੇ ਵੀ ਤੁਹਾਨੂੰ ਇਸ ਸੇਵਾ ਬਾਰੇ ਜਾਣਕਾਰੀ ਦਿਤੀ ਹੋਵੇ।

ਵਿਕਟਮ ਸਪੋਰਟ ਸਕਾਟਲੈਂਡ (ਪੀੜਤਾਂ ਲਈ ਸਮਰਥਨ) ਦੀਆਂ ਕਮਿਊਨਿਟੀ ਆਧਾਰਤ ਸੇਵਾਵਾਂ: ਪੀੜਤਾਂ ਦੀ ਸਹਾਇਤਾ ਲਈ ਸਿਖਲਾਈ ਪ੍ਰਾਪਤ ਵਾਲੰਟੀਅਰ ਉਪਲਬਧ ਹਨ, ਜੋ ਪੀੜਤਾਂ ਅਤੇ ਕੁਝ ਗਵਾਹਾਂ ਨੂੰ ਭਾਵਾਤਮਕ ਅਤੇ ਵਿਹਾਰਕ ਸਮਰਥਨ ਅਤੇ ਸੂਚਨਾ ਪ੍ਰਦਾਨ ਕਰ ਸਕਦੇ ਹਨ। ਇਨ੍ਹਾਂ ਵਿੱਚ ਬੱਚੇ, ਨੌਜਵਾਨ ਅਤੇ ਉਨ੍ਹਾਂ ਦੇ ਮਾਤਾ-ਪਿਤਾ ਸ਼ਾਮਲ ਹਨ।

ਤੁਸੀਂ ਇਸ ਪੁਸਤਿਕਾ ਦੇ ਅੰਤ 'ਤੇ ਦਿਤੇ ਗਏ ਪੰਨੇ 'ਤੇ ਉਨ੍ਹਾਂ ਵਿਅਕਤੀਆਂ ਅਤੇ ਏਜੰਸੀਆਂ ਦੇ ਨਾਂਅ ਅਤੇ ਟੈਲੀਫ਼ੋਨ ਨੰਬਰ ਨੋਟ ਕਰ ਸਕਦੇ ਹੋ, ਜੋ ਸਿਧਿਆਂ ਤੁਹਾਡੀ ਮਦਦ ਕਰ ਰਹੇ ਹਨ।

# ਕੇਸ ਨੂੰ ਕੋਰਟ ਵਿੱਚ ਲਿਜਾਣਾ

ਜੇ ਤੁਹਾਡਾ ਬੱਚਾ ਇਕ ਗਵਾਹ ਹੈ, ਤਾਂ ਇਸਦਾ ਮਤਲਬ ਹੋ ਸਕਦਾ ਹੈ ਕਿ:

- ਉਹ ਅਪਰਾਧ ਤੋਂ ਪੀੜਤ ਹੈ;
- ਉਸਨੇ ਅਪਰਾਧ ਨਾਲ ਸੰਬੰਧਤ ਕੋਈ ਗਲ ਵੇਖੀ ਜਾਂ ਸੁਣੀ ਹੈ ਜਾਂ
- ਉਹ ਬੱਚਿਆਂ ਸੰਬੰਧੀ ਸੁਣਵਾਈ ਦੇ ਕੋਰਟ ਕੇਸ ਵਿੱਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਸ਼ਾਮਲ ਹੈ।

ਹੋ ਸਕਦਾ ਹੈ ਕਿ ਤੁਹਾਡਾ ਬੱਚਾ ਪੁਲੀਸ ਜਾਂ ਇਕ ਵਕੀਲ ਨੂੰ ਪਹਿਲਾਂ ਹੀ ਬਿਆਨ ਦੇ ਚੁੱਕਾ ਹੋਵੇ। ਪੁਲੀਸ ਨੇ ਪ੍ਰੋਕਿਉਰੇਟਰ ਫ਼ਿਸਕਲ ਜਾਂ ਬੱਚਿਆਂ ਬਾਰੇ ਰਿਪੋਰਟਰ ਨੂੰ ਰਿਪੋਰਟ ਭੇਜ ਦਿਤੀ ਹੋਵੇਗੀ।

ਪ੍ਰੋਕਿਉਰੇਟਰ ਫ਼ਿਸਕਲ ਇਸ ਬਾਰੇ ਸੁਤੰਤਰ ਤੌਰ 'ਤੇ ਫ਼ੈਸਲਾ ਕਰਦਾ ਹੈ ਕਿ ਕੀ ਅਪਰਾਧਕ ਕੇਸ ਨੂੰ ਕੋਰਟ ਵਿੱਚ ਲਿਜਾਣਾ ਚਾਹੀਦਾ ਹੈ ਕਿ ਨਹੀਂ।

ਬੱਚਿਆਂ ਬਾਰੇ ਰਿਪੋਰਟਰ ਇਸ ਬਾਰੇ ਸੁਤੰਤਰ ਰੂਪ ਵਿੱਚ ਫ਼ੈਸਲਾ ਕਰਦਾ ਹੈ, ਕਿ ਕੀ ਕੇਸ ਨੂੰ ਬੱਚਿਆਂ ਸੰਬੰਧੀ ਸੁਣਵਾਈ ਲਈ ਭੇਜੇ ਜਾਣ ਦੀ ਜ਼ਰੂਰਤ ਹੈ ਜਾਂ ਨਹੀਂ। ਇਹ ਸੁਣਵਾਈ ਕਰਨ ਵਾਲੇ ਫਿਰ ਕੇਸ ਨੂੰ ਕੋਰਟ ਵਿੱਚ ਭੇਜ ਸਕਦੇ ਹਨ।

ਇਕ ਅਪਰਾਧਕ ਕੇਸ ਆਮ ਤੌਰ 'ਤੇ ਉਸ ਹਾਲਤ ਵਿੱਚ ਕੋਰਟ ਵਿੱਚ ਜਾਂਦਾ ਹੈ, ਜੇ ਇਸ ਗਲ ਦੇ ਕਾਫ਼ੀ ਸਬੂਤ ਹੋਣ ਦੀ ਸੰਭਾਵਨਾ ਹੋਵੇ, ਕਿ ਅਪਰਾਧ ਇਕ ਨਿਸ਼ਚਤ ਵਿਅਕਤੀ ਵਲੋਂ ਕੀਤਾ ਗਿਆ ਹੈ। ਜੇ ਉਹ ਵਿਅਕਤੀ ਇਹ ਕਹਿੰਦਾ ਹੈ ਕਿ ਉਹ 'ਕਸੂਰਵਾਰ ਨਹੀਂ' ਤਾਂ ਉਸ 'ਤੇ ਮੁਕੱਦਮਾ ਚਲਾਇਆ ਜਾਵੇਗਾ ਅਤੇ ਗਵਾਹਾਂ ਤੋਂ ਆਸ ਕੀਤੀ ਜਾਵੇਗੀ ਕਿ ਉਹ ਗਵਾਹੀ ਦੇਣਗੇ। ਜੱਜ ਅਤੇ ਸ਼ਾਇਦ ਇਕ ਜਿਊਰੀ ਸਾਰੀਆਂ ਗਵਾਹੀਆਂ ਸੁਣੇਗੀ ਅਤੇ ਇਸ ਬਾਰੇ ਫ਼ੈਲਾ ਕਰਨਗੇ ਕਿ ਕੀ ਦੋਸ਼ੀ ਕਸੂਰਵਾਰ ਹੈ ਕਿ ਨਹੀਂ। ਜੇ ਦੋਸ਼ੀ ਕਸੂਰਵਾਰ ਸਾਬਤ ਹੁੰਦਾ ਹੈ, ਤਾਂ ਜੱਜ ਸਜ਼ਾ ਦਾ ਫ਼ੈਸਲਾ ਕਰੇਗਾ। ਤੁਹਾਨੂੰ ਕੋਰਟ ਦੀਆਂ ਇਨ੍ਹਾਂ ਪ੍ਰਕਿਰਿਆਵਾਂ ਬਾਰੇ ਹੋਰ ਜਾਣਕਾਰੀ VIA ਦੇ ਲੀਫ਼ਲੈਂਟਾਂ 'ਚੋਂ ਮਿਲ ਸਕਦੀ ਹੈ।

ਬੱਚਿਆਂ ਸੰਬੰਧੀ ਸੁਣਵਾਈ ਦਾ ਕੇਸ ਉਸ ਹਾਲਤ ਵਿੱਚ ਕੋਰਟ ਕੋਲ ਜਾਵੇਗਾ, ਜੇ ਸੰਬੰਧਤ ਵਿਯਕਤੀ ਇਸ ਬਾਰੇ ਸਹਿਮਤ ਨਹੀਂ ਹੁੰਦੇ, ਕਿ ਕੀ ਹੋਇਆ ਸੀ, ਜਾਂ ਜੇ ਬੱਚਾ ਇਨਾ ਛੋਟਾ ਹੋਵੇ, ਕਿ ਉਹ ਗਲ ਨਾਂਹ ਸਮਝ ਸਕਦਾ ਹੋਵ। ਕੋਰਟ ਵਿੱਚ ਸ਼ੈਰਿਫ਼ ਸਾਰੀਆਂ ਗਵਾਹੀਆਂ ਸੁਣੇਗਾ ਅਤੇ ਫ਼ੈਸਲਾ ਕਰੇਗਾ ਕਿ ਕੀ ਕੋਈ ਗਲ ਹੋਈ ਸੀ ਜਾਂ ਕੀ ਬੱਚੇ ਬਾਰੇ ਸਰੋਕਾਰ ਸਾਬਤ ਹੋ ਗਏ ਹਨ। ਜੇ ਸ਼ੈਰਿਫ਼, ਰਿਪੋਰਟਰ ਦੇ ਕੇਸ ਨਾਲ ਸਹਿਮਤ ਹੋ ਜਾਂਦਾ ਹੈ, ਤਾਂ ਇਹ ਵਾਪਸ ਬੱਚਿਆਂ ਸੰਬੰਧੀ ਸੁਣਵਾਈ ਨੂੰ ਇਹ ਫ਼ੈਸਲਾ ਕਰਨ ਲਈ ਭੇਜਿਆ ਜਾਵੇਗਾ, ਕਿ ਬੱਚੇ ਲਈ ਕਿਸਤਰ੍ਹਾਂ ਦੀ ਮਦਦ ਦੀ ਜ਼ਰੂਰਤ ਹੈ। ਅੰਤਮ ਨਤੀਜੇ ਦਾ ਫ਼ੈਸਲਾ ਸ਼ੈਰਿਫ਼ ਨਹੀਂ ਕਰਦਾ; ਇਸਦਾ ਫ਼ੈਸਲਾ ਅਗੋਂ ਹੋਣ ਵਾਲੀ ਬੱਚਿਆਂ ਸੰਬੰਧੀ ਸੁਣਵਾਈ ਵਿੱਚ ਹੁੰਦਾ ਹੈ।

ਪਹਿਲੀ ਸੁਣਵਾਈ: ਜਦੋਂ ਪ੍ਰੋਕਿਉਰੇਟਰ ਫ਼ਿਸਕਲ ਇਕ ਅਪਰਾਧਕ ਕੇਸ ਤਿਆਰ ਕਰਦਾ ਹੈ ਤਾਂ ਉਹ ਆਮ ਤੌਰ 'ਤੇ ਤੁਹਾਨੂੰ ਇਕ ਪਤੱਰ ਜਾਂ ਸੰਮਨ ਭੇਜਦਾ ਹੈ ਤਾਂ ਜੋ ਤੁਹਾਡੇ ਬੱਚੇ ਨੂੰ ਮਿਲ ਕੇ ਉਸ ਨਾਲ ਗਲ ਕੀਤੀ ਜਾ ਸਕੇ। ਇਸ ਮੀਟਿੰਗ ਵਿੱਚ ਲਏ ਗਏ ਬਿਆਨ ਨੂੰ ਪਹਿਲੀ ਸੁਣਵਾਈ ਕਿਹਾ ਜਾਂਦਾ ਹੈ।

ਬੱਚਿਆਂ ਸੰਬੰਧੀ ਸੁਣਵਾਈ ਦੇ ਕੋਰਟ ਕੇਸ ਵਿੱਚ ਰਿਪੋਰਟਰ ਕੇਸ ਤਿਆਰ ਕਰਨ ਲਈ ਆਮ ਤੌਰ 'ਤੇ ਰਿਪੋਰਟਾਂ ਅਤੇ ਬਿਆਨਾਂ 'ਤੇ ਟੇਕ ਰਖਦਾ ਹੈ। ਪਰ ਕਦੀ ਕਦੀ ਇਹ ਹੋ ਸਕਦਾ ਹੈ, ਕਿ ਉਹ ਤੁਹਾਡੇ ਬੱਚੇ ਨੂੰ ਜਾਂ ਤਾਂ ਪਹਿਲੀ ਸੁਣਵਾਈ ਲਈ ਜਾਂ ਫਿਰ ਆਮ ਤਿਆਰੀ ਲਈ ਮਿਲਣਾ ਚਾਹੇ। ਕਦੀ ਕਦੀ ਤੁਹਾਡੇ ਬੱਚੇ ਦੇ ਹਿੱਤ ਦਾ ਧਿਆਨ ਰਖਣ ਲਈ ਇਕ ਸੇਫ਼ਗਾਰਡਰ ਨਿਯੁਕਤ ਕੀਤਾ ਜਾਂਦਾ ਹੈ।ਹੋ ਸਕਦਾ ਹੈ ਕਿ ਉਹ ਤਿਆਰੀ ਵਿੱਚ ਸਹਾਇਤਾ ਦੇਣ ਲਈ ਤੁਹਾਡੇ ਬੱਚੇ ਨੂੰ ਮਿਲੇ।

ਹੋਰ ਵਕੀਲ ਵੀ ਤੁਹਾਡੇ ਬੱਚੇ ਨਾਲ ਗਲ ਕਰਨ ਵਾਸਤੇ ਸੰਪਰਕ ਕਰ ਸਕਦੇ ਹਨ। ਇਹ ਇਕ ਨਾਰਮਲ ਕਾਰਜ ਵਿਧੀ ਹੈ ਅਤੇ ਇਸ ਤੋਂ ਮਦਦ ਮਿਲ ਸਕਦੀ ਹੈ। ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਇਹ ਫ਼ੈਸਲਾ ਕਰਨਾ ਚਾਹੀਦਾ ਹੈ, ਕਿ ਇਹ ਮੁਲਾਕਾਤਾਂ ਕਿਥੇ ਹੋਣ। ਹੋ ਸਕਦਾ ਹੈ ਕਿ ਤੁਸੀਂ ਪਸੰਦ ਨਾਂਹ ਕਰੋ ਕਿ ਵਕੀਲ ਤੁਹਾਡੇ ਘਰ ਆਉਣ, ਜਾਂ ਇਹ ਹੋ ਸਕਦਾ ਹੈ ਕਿ ਤੁਹਾਨੂੰ ਜਾਪੇ ਕਿ ਤੁਹਾਡੇ ਲਈ ਇਹ ਵਧੇਰੇ ਆਸਾਨ ਤਰੀਕਾ ਹੈ।

ਇਕ ਜਾਂ ਇਸ ਤੋਂ ਵਧ ਵਕੀਲ ਸੰਪਰਕ ਕਰ ਸਕਦੇ ਹਨ। ਜੇ ਤੁਹਾਡੇ ਬੱਚੇ ਨੂੰ ਇਨ੍ਹਾਂ ਚੋਂ ਕਿਸੇ ਇਕ ਇੰਟਰਵਿਊ ਬਾਰੇ ਚਿੰਤਾ ਹੈ, ਤਾਂ ਹੋ ਸਕਦਾ ਹੈ ਕਿ ਤੁਸੀਂ ਆਪਣੇ ਬੱਚੇ ਨਾਲ ਇੰਟਰਵਿਊ ਦੀ ਆਗਿਆ ਨਾਂਹ ਦੇਣੀ ਚਾਹੋ।

ਤੁਸੀਂ ਇਸ ਮੁੱਦੇ ਬਾਰੇ ਉਸ ਵਿਅਕਤੀ ਨਾਲ ਸੋਚ ਵਿਚਾਰ ਕਰ ਸਕਦੇ ਹੋ, ਜਿਸਨੇ ਤੁਹਾਡੇ ਬੱਚੇ ਨੂੰ ਇਕ ਗਵਾਹ ਵਜੋਂ ਬੁਲਾਇਆ ਹੈ।

ਅਜਿਹੀ ਕਿਸੇ ਵੀ ਇੰਟਰਵਿਊ ਦੌਰਾਨ, ਤੁਹਾਡੇ ਬੱਚੇ ਨੂੰ ਸਮਰਥਨ ਦੇਣ ਵਾਲੇ ਵਿਅਕਤੀ ਦਾ ਉਸ ਦੇ ਨਾਲ ਜਾਣਾ ਆਮ ਕਰਕੇ ਉਚਿਤ ਹੁੰਦਾ ਹੈ। ਤੁਹਾਨੂੰ ਇਸ ਬਾਰੇ ਸੋਚਣਾ ਚਾਹੀਦਾ ਹੈ ਕਿ ਤੁਹਾਡਾ ਬੱਚਾ ਕਿਸ ਕੋਲੋਂ ਸਮਰਥਨ ਲੈਣਾ ਚਾਹੇਗਾ। ਮਿਸਾਲ ਦੇ ਤੌਰ 'ਤੇ ਇਹ ਸਮਰਥਨ ਵਿਅਕਤੀ ਤੁਸੀਂ, ਕੋਈ ਹੋਰ ਰਿਸ਼ਤੇਦਾਰ, ਪਰਿਵਾਰਕ ਦੋਸਤ, ਸੋਸ਼ਲ ਵਰਕਰ ਜਾਂ VIA ਤੋਂ ਕੋਈ ਵਿਅਕਤੀ ਹੋ ਸਕਦਾ ਹੈ। ਕੁਝ ਹਾਲਤਾਂ ਵਿੱਚ ਇਕ ਅਜਿਹੇ ਵਿਅਕਤੀ ਦਾ ਜੋ ਖ਼ੁਦ ਉਸ ਕੇਸ ਵਿੱਚ ਇਕ ਗਵਾਹ ਹੋਵੇ, ਦਾ ਸਮਰਥਨ ਵਿਅਕਤੀ ਵਜੋਂ ਕੰਮ ਕਰਨਾ ਉਚਿਤ ਨਹੀਂ ਹੋਵੇਗਾ।

ਕਦੀ ਕਦੀ ਦੋਸ਼ੀ ਵਿਅਕਤੀ ਦਾ ਕੋਈ ਵਕੀਲ ਨਹੀਂ ਹੁੰਦਾ ਅਤੇ ਉਹ ਆਪਣੇ ਕੇਸ ਦੀ ਤਿਆਰੀ ਸਮੇਂ ਗਵਾਹਾਂ ਨਾਲ ਇੰਟਰਵਿਊ ਕਰਨ ਦੀ ਆਗਿਆ ਮੰਗ ਸਕਦਾ ਹੈ। ਜੇ ਅਜਿਹਾ ਹੁੰਦਾ ਹੈ ਅਤੇ ਤੁਹਾਨੂੰ ਪੱਕਾ ਪਤਾ ਨਹੀਂ ਕਿ ਕੀ ਕਰਨਾ ਚਾਹੀਦਾ ਹੈ, ਤਾਂ ਤੁਹਾਨੂੰ ਉਸ ਵਿਅਕਤੀ ਨਾਲ ਗਲ ਕਰਨੀ ਚਾਹੀਦੀ ਹੈ, ਜਿਸਨੇ ਤੁਹਾਡੇ ਬੱਚੇ ਨੂੰ ਇਕ ਗਵਾਹ ਵਜੋਂ ਬੁਲਾਇਆ ਹੈ।

ਤੁਹਾਨੂੰ ਇਹ ਪਤਾ ਹੋਣਾ ਜ਼ਰੂਰੀ ਹੈ, ਕਿ ਕਾਨੂੰਨ ਕਿਸੇ ਦੋਸ਼ੀ ਵਿਅਕਤੀ ਨੂੰ ਤੁਹਾਡੇ ਬੱਚੇ ਨੂੰ ਇੰਟਰਵਿਊ ਕਰਨ ਦੀ ਇਜਾਜ਼ਤ ਨਹੀਂ ਦਿੰਦਾ, ਜੇਕਰ:

- ਤੁਹਾਡਾ ਬੱਚਾ 12 ਸਾਲ ਤੋਂ ਘਟ ਉਮਰ ਦਾ ਹੈ;
- ਦੋਸ਼ੀ ਵਿਅਕਤੀ 'ਤੇ ਹਿੰਸਾ ਜਾਂ ਅਸ਼ਲੀਲ ਵਿਹਾਰ ਦਾ ਇਲਜ਼ਾਮ ਹੈ; ਜਾਂ
- ਤੁਹਾਡਾ ਬੱਚਾ ਕਿਸੇ ਉਮਰ ਵਿੱਚ ਅਸ਼ਲੀਲ ਵਿਹਾਰ ਦਾ ਸ਼ਿਕਾਰ ਹੋਇਆ ਹੋਵੇ।

# ਕੋਰਟ ਦੀ ਤਾਰੀਖ਼

ਪਹਿਲੀ ਸੁਣਵਾਈ ਤੋਂ ਬਾਅਦ, ਤੁਹਾਡੇ ਬੱਚੇ ਨੂੰ ਇਕ ਹੋਰ ਸੰਮਨ ਜਾਂ ਪੱਤਰ ਮਿਲੇਗਾ, ਜਿਸ ਵਿੱਚ ਕੋਰਟ ਕੇਸ ਦੇ ਸ਼ੁਰੂ ਹੋਣ ਦੀ ਤਾਰੀਖ਼ ਦਸੀ ਹੋਵੇਗੀ।

ਇਹ ਸੰਮਨ ਕੋਰਟ ਵਿੱਚ ਇਕ ਗਵਾਹ ਵਜੋਂ ਪੇਸ਼ ਹੋਣ ਲਈ ਇਕ ਬਾਕਾਇਦਾ ਨੋਟਿਸ ਹੈ। ਇਸ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ।

ਤੁਹਾਡੇ ਬੱਚੇ ਨੂੰ ਇਹ ਪਤਾ ਹੋਣਾ ਚਾਹੀਦਾ ਹੈ, ਕਿ ਉਸਦੇ ਲਈ ਸੰਮਨ ਵਿੱਚ ਦਸੀ ਗਈ ਤਾਰੀਖ਼ ਨੂੰ ਅਦਾਲਤ ਵਿੱਚ ਪੇਸ਼ ਹੋਣਾ ਜ਼ਰੂਰੀ ਹੈ।

ਜੇ ਸੰਮਨ ਵਿੱਚ ਦਿਤੀ ਗਈ ਤਾਰੀਖ਼ ਕਿਸੇ ਅਹਿਮ ਵਜ੍ਹਾ ਕਰਕੇ ਤੁਹਾਡੇ ਬੱਚੇ ਲਈ ਮੁਸ਼ਕਿਲ ਹੋਵੇ, ਮਿਸਾਲ ਵਜੋਂ ਜੇਕਰ ਤੁਹਾਡੇ ਬੱਚੇ ਦਾ ਸਕੂਲ ਵਿੱਚ ਇਮਤਿਹਾਨ ਹੋਵੇ, ਤਾਂ ਤੁਹਾਨੂੰ ਪ੍ਰੋਕਿਉਰੇਟਰ ਫ਼ਿਸਕਲ, ਰਿਪੋਰਟਰ ਜਾਂ ਵਕੀਲ ਨੂੰ ਫ਼ੌਰਨ ਸੂਚਿਤ ਕਰਨਾ ਚਾਹੀਦਾ ਹੈ।

# ਕੋਰਟਾਂ ਅਤੇ ਕੋਰਟ ਕਾਰਵਾਈਆਂ

ਸਕਾਟਲੈਂਡ ਭਰ ਵਿੱਚ ਕੋਰਟਾਂ ਹਨ ਅਤੇ ਉਹ ਵਖ ਵਖ ਤਰ੍ਹਾਂ ਦੇ ਕੇਸਾਂ ਨਾਲ ਨਜਿੱਠਦੀਆਂ ਹਨ।

ਮਰਿਯਾਦਾਪੂਰਨ ਕਾਰਵਾਈ: ਇਹ ਅਪਰਾਧਕ ਕੇਸ ਹੁੰਦੇ ਹਨ, ਜਿਨ੍ਹਾਂ ਵਿੱਚ ਜਿਊਰੀ ਫ਼ੈਸਲਾ ਕਰਦੀ ਹੈ। ਜਿਊਰੀ ਵਿੱਚ ਪਬਲਿਕ ਦੇ 15 ਮੈਂਬਰ ਸ਼ਾਮਲ ਹੁੰਦੇ ਹਨ। ਉਨ੍ਹਾਂ ਲਈ ਜ਼ਰੂਰੀ ਹੈ ਕਿ ਉਹ ਸਾਰੀਆਂ ਗਵਾਹੀਆਂ ਸੁਣਨ, ਅਤੇ ਫਿਰ ਫ਼ੈਸਲੇ 'ਤੇ ਪਹੁੰਚਣ।

ਸਰਸਰੀ ਕਾਰਵਾਈ: ਇਹ ਉਹ ਅਪਰਾਧਕ ਕੇਸ ਹੁੰਦੇ ਹਨ, ਜਿਨ੍ਹਾਂ ਵਿੱਚ ਜਿਊਰੀ ਨਹੀਂ ਹੁੰਦੀ। ਫ਼ੈਸਲੇ ਸ਼ੈਰਿਫ਼ ਕਰਦਾ ਹੈ।

ਬੱਚਿਆਂ ਸੰਬੰਧੀ ਸੁਣਵਾਈ ਦੀ ਕੋਰਟ ਕਾਰਵਾਈ: ਇਹ ਬਹੁਤ ਘਟ ਰਸਮੀ ਹੁੰਦੀ ਹੈ। ਕਦੀ ਕਦੀ ਕੇਸ ਦੀ ਕਾਰਵਾਈ ਕੋਰਟ ਨਾਲੋਂ ਇਕ ਛੋਟੇ ਕਮਰੇ ਵਿੱਚ ਹੁੰਦੀ ਹੈ, ਅਤੇ ਇਸ ਮੌਕੇ 'ਤੇ ਕੋਈ ਆਮ ਲੋਕ ਨਹੀਂ ਹੁੰਦੇ। ਕੋਈ ਜਿਊਰੀ ਨਹੀਂ ਹੁੰਦੀ, ਅਤੇ ਫ਼ੈਸਲਾ ਸ਼ੈਰਿਫ਼ ਕਰਦਾ ਹੈ।

# ਕੋਰਟਰੂਮ ਵਿੱਚ

ਜੱਜ ਜਾਂ ਸ਼ੈਰਿਫ਼: ਜੱਜ ਜਾਂ ਸ਼ੈਰਿਫ਼ ਸਾਰੀਆਂ ਕੋਰਟ ਕਾਰਵਾਈਆਂ ਦਾ ਇਨਚਾਰਜ ਹੁੰਦਾ ਹੈ। ਉਸ ਦਾ ਕੰਮ ਇਹ ਯਕੀਨੀ ਬਣਾਉਣਾ ਹੈ, ਕਿ ਹਰ ਕਾਰਵਾਈ ਕਾਨੂੰਨ ਦੇ ਦਾਇਰੇ ਅੰਦਰ ਉਚਿਤ ਤਰੀਕੇ ਨਾਲ ਹੋਵੇ, ਅਤੇ ਕੋਰਟ ਦੇ ਨਿਯਮਾਂ ਅਤੇ ਕਾਨੂੰਨੀ ਕਾਰਵਾਈ ਦੀ ਪਾਲਣਾ ਕੀਤੀ ਜਾਵੇ।

ਪ੍ਰੋਕਿਉਰੇਟਰ ਫ਼ਿਸਕਲ ਜਾਂ ਐਡਵੋਕੇਟ ਡਿਪਿਊਟ: ਉਹ ਇਸਤਗ਼ਾਸੇ ਦਾ ਵਕੀਲ ਹੁੰਦਾ ਹੈ, ਅਤੇ ਹੋ ਸਕਦਾ ਹੈ ਕਿ ਉਸਨੇ ਤੁਹਾਡੇ ਬੱਚੇ ਨੂੰ ਇਕ ਅਪਰਾਧਕ ਕੋਰਟ ਕੇਸ ਵਿੱਚ ਇਕ ਗਵਾਹ ਵਜੋਂ ਬੁਲਾਇਆ ਹੋਵੇ। ਉਹ ਕੋਰਟ ਵਿੱਚ ਸਵਾਲ ਪੁਛਦਾ ਹੈ, ਤਾਂ ਜੋ ਗਵਾਹ ਗਵਾਹੀਆਂ ਦੇ ਸਕਣ।

ਰਿਪੋਰਟਰ: ਇਹ ਉਹ ਵਿਅਕਤੀ ਹੈ, ਜੋ ਬੱਚਿਆਂ ਸੰਬੰਧੀ ਸੁਣਵਾਈ ਦੇ ਕੇਸਾਂ ਵਿੱਚ ਬੱਚੇ ਦੇ ਹਿਤਾਂ ਦਾ ਧਿਆਨ ਰਖਦਾ ਹੈ ਅਤੇ ਹੋ ਸਕਦਾ ਹੈ ਕਿ ਉਸਨੇ ਤੁਹਾਡੇ ਬੱਚੇ ਨੂੰ ਇਕ ਗਵਾਹ ਵਜੋਂ ਬੁਲਾਇਆ ਹੋਵੇ। ਉਹ ਕੋਰਟ ਵਿੱਚ ਸਵਾਲ ਪੁਛਦਾ ਹੈ, ਤਾਂ ਜੋ ਤੁਹਾਡਾ ਬੱਚਾ ਗਵਾਹੀ ਦੇ ਸਕੇ।

ਹੋਰ ਵਕੀਲ: ਕੋਰਟ ਵਿੱਚ ਇਕ ਜਾਂ ਇਸਤੋਂ ਵਧ ਹੋਰ ਵਕੀਲ ਹੋ ਸਕਦੇ ਹਨ। ਉਹ ਇਕ ਗਵਾਹ ਦੀ ਗਵਾਹੀ ਸੰਬੰਧੀ ਸਵਾਲ ਪੁਛ ਸਕਦੇ ਹਨ। ਹੋ ਸਕਦਾ ਹੈ ਕਿ ਵਕੀਲ ਨੇ ਤੁਹਾਡੇ ਬੱਚੇ ਨੂੰ ਇਕ ਗਵਾਹ ਵਜੋਂ ਬੁਲਾਇਆ ਹੋਵੇ।

ਦੋਸ਼ੀ: ਇਕ ਅਪਰਾਧਕ ਕੇਸ ਵਿੱਚ, ਕਾਨੂੰਨ ਭੰਗ ਕਰਨ ਦਾ ਦੋਸ਼ੀ ਵਿਅਕਤੀ ਹਮੇਸ਼ਾ ਕੋਰਟਰੂਮ ਵਿੱਚ ਹੋਵੇਗਾ ਅਤੇ ਉਹ ਸਭ ਕੁਝ ਵੇਖ ਅਤੇ ਸੁਣ ਸਕੇਗਾ।

ਪਬਲਿਕ: ਅਪਰਾਧਕ ਕੋਰਟਾਂ ਆਮ ਕਰਕੇ ਪਬਲਿਕ (ਆਮ ਲੋਕਾਂ) ਲਈ ਖੁਲ੍ਹੀਆਂ ਹੁੰਦੀਆਂ ਹਨ। ਇਸ ਕਰਕੇ ਕੋਰਟ ਰੂਮ ਦੇ ਪਿਛਲੇ ਹਿੱਸੇ ਵਿੱਚ ਆਮ ਲੋਕ ਬੈਠੇ ਹੋ ਸਕਦੇ ਹਨ, ਜੋ ਗਵਾਹਾਂ ਅਤੇ ਵਕੀਲਾਂ ਨੂੰ ਵੇਖ ਅਤੇ ਸੁਣ ਸਕਦੇ ਹਨ। ਕੋਰਟ ਵਿੱਚ ਜਦੋਂ ਕੋਈ ਨੌਜਵਾਨ ਗਵਾਹੀ ਦਿੰਦਾ ਹੈ, ਖ਼ਾਸ ਕਰਕੇ ਜੇ ਉਸਦੀ ਗਵਾਹੀ ਅਸ਼ਲੀਲ ਵਿਹਾਰ ਦੇ ਸੰਬੰਧ ਵਿੱਚ ਹੋਵੇ, ਤਾਂ ਜੱਜ ਸਾਰੇ ਆਮ ਲੋਕਾਂ ਨੂੰ ਕੋਰਟ ਵਿਚੋਂ ਚਲੇ ਜਾਣ ਲਈ ਕਹਿ ਸਕਦਾ ਹੈ। ਤੁਹਾਡ ਬੱਚਾ ਇਸ ਬਾਰੇ ਜੋ ਸੋਚਦਾ ਹੈ, ਤੁਸੀਂ ਉਸ ਬਾਰੇ ਕਿਸੇ ਨਾਲ ਗਲ ਕਰੋ।

ਬੱਚਿਆਂ ਸੰਬੰਧੀ ਸੁਣਵਾਈ ਦੇ ਕੋਰਟ ਕੇਸ ਵਿੱਚ ਆਮ ਲੋਕਾਂ ਨੂੰ ਆਉਣ ਦੀ ਇਜਾਜ਼ਤ ਨਹੀਂ ਹੁੰਦੀ।

ਬੱਚਿਆਂ ਸੰਬੰਧੀ ਸੁਣਵਾਈ ਦੇ ਕੋਰਟ ਕੇਸਾਂ ਵਿੱਚ, ਪਰਿਵਾਰ ਜਾਂ ਕੇਸ ਨਾਲ ਸਿੱਧੇ ਤੌਰ 'ਤੇ ਸੰਬੰਧਤ ਵਿਅਕਤੀ ਕੋਰਟ ਰੂਮ ਵਿੱਚ ਮੌਜੂਦ ਹੋ ਸਕਦੇ ਹਨ। ਜੇ ਕੋਈ ਸੇਫ਼ਗਾਰਡਰ ਨਿਯੁਕਤ ਕੀਤਾ ਗਿਆ ਹੈ, ਤਾਂ ਉਹ ਵੀ ਉਥੇ ਹੋ ਸਕਦਾ ਹੈ।

ਬੱਚਿਆਂ ਸੰਬੰਧੀ ਸੁਣਵਾਈ ਦੇ ਕੋਰਟ ਕੇਸਾਂ ਨੂੰ ਛਡਕੇ ਹੋਰ ਕੇਸਾਂ ਵਿੱਚ ਜੱਜ ਅਤੇ ਵਕੀਲ ਆਮ ਤੌਰ 'ਤੇ ਆਪਣੇ ਕਪੜਿਆਂ ਉਪਰ ਗਾਉਨ ਅਤੇ ਸਿਰ 'ਤੇ ਵਿਗ ਪਹਿਨਦੇ ਹਨ। ਜਦੋਂ ਗਵਾਹੀ ਦੇਣ ਵਾਲਾ ਕੋਈ ਨੌਜਵਾਨ ਹੋਵੇ, ਤਾਂ ਜੱਜ ਅਤੇ ਵਕੀਲਾਂ ਨੂੰ ਅਕਸਰ ਗਾਉਨ ਅਤੇ ਵਿਗ ਨਾਂਹ ਪਹਿਨਣ ਲਈ ਕਿਹਾ ਜਾਂਦਾ ਹੈ, ਤਾਂ ਜੇ ਉਹ ਜ਼ਿਆਦਾ ਸਖ਼ਤ ਨਜ਼ਰ ਨਾਂਹ ਆਉਣ। ਤੁਹਾਨੂੰ ਆਪਣੇ ਬੱਚੇ ਨੂੰ ਪੁਛ ਲੈਣਾ ਚਾਹੀਦਾ ਹੈ ਕਿ ਕੀ ਉਹ ਅਜਿਹਾ ਚਾਹੇਗਾ।

# ਗਵਾਹੀ ਦੇਣਾ

ਹੋ ਸਕਦਾ ਹੈ ਕਿ ਕੋਰਟ ਵਿੱਚ ਕੁਝ ਬਾਲਗ਼ ਵਿਅਕਤੀ ਤੁਹਾਡੇ ਬੱਚੇ ਨੂੰ ਪਹਿਲਾਂ ਮਿਲ ਚੁਕੇ ਹੋਣ, ਜਿਵੇਂ ਕਿ ਪ੍ਰੋਕਿਉਰੇਟਰ ਫ਼ਿਸਕਲ ਜਾਂ ਰਿਪੋਰਟਰ। ਤੁਹਾਡੇ ਬੱਚੇ ਲਈ ਗਵਾਹੀ ਦੇਣੀ ਸ਼ੁਰੂ ਕਰਨ ਤੋਂ ਪਹਿਲਾਂ, ਸਾਰੇ ਵਕੀਲਾਂ ਨੂੰ ਮਿਲਣਾ ਸੰਭਵ ਹੈ, ਜੋ ਉਸ ਨੂੰ ਬਾਅਦ ਵਿੱਚ ਸਵਾਲ ਪੁਛਣਗੇ। ਇਸ ਨਾਲ ਤੁਹਾਡਾ ਬੱਚਾ ਵਧੇਰੇ ਸਹਿਜ ਮਹਿਸੂਸ ਕਰ ਸਕੇਗਾ।

ਜੇ ਤੁਸੀਂ ਸਮਝਦੇ ਹੋ, ਕਿ ਤੁਹਾਡੇ ਬੱਚੇ ਨੂੰ ਸਾਰੇ ਵਕੀਲਾਂ ਨੂੰ ਮਿਲ ਲੈਣ ਨਾਲ ਫ਼ਾਇਦਾ ਹੋਵੇਗਾ, ਤਾਂ ਉਸ ਵਿਅਕਤੀ ਨੂੰ ਦਸੋ, ਜਿਸਨੇ ਸੰਮਨ ਭੇਜਿਆ ਹੋਵੇ।

ਗਵਾਹਾਂ ਨੂੰ ਕੋਰਟ ਵਿੱਚ ਗਵਾਹੀ ਦੇਣ ਵਾਸਤੇ ਇਕ ਇਕ ਕਰਕੇ ਬੁਲਾਇਆ ਜਾਂਦਾ ਹੈ।

ਜੇ ਤੁਹਾਡਾ ਬੱਚਾ ਨਹੀਂ ਚਾਹੁੰਦਾ ਕਿ ਕੋਰਟ ਵਿੱਚ ਉਸਦਾ ਪਤਾ ਉੱਚੀ ਪੜ੍ਹਕੇ ਸੁਣਾਇਆ ਜਾਵੇ, ਤਾਂ ਪ੍ਰੋਕਿਉਰੇਟਰ ਫ਼ਿਸਕਲ, ਰਿਪੋਰਟਰ ਜਾਂ ਵਕੀਲ ਨੂੰ ਇਹ ਗਲ ਦਸਣਾ ਯਾਦ ਰਖੋ।

ਬਿਆਨ ਅਤੇ ਜਿਰ੍ਹਾ

ਪ੍ਰੋਕਿਉਰੇਟਰ ਫ਼ਿਸਕਲ ਜਾਂ ਰਿਪੋਰਟਰ ਅਤੇ ਹਰ ਵਕੀਲ ਨੂੰ ਤੁਹਾਡੇ ਬੱਚੇ ਕੋਲੋਂ ਸਵਾਲ ਪੁਛਣ ਦਾ ਮੌਕਾ ਮਿਲੇਗਾ, ਤਾਂ ਜੋ ਬੱਚਾ ਉਹ ਕੁਝ ਦਸ ਸਕੇ, ਜੋ ਉਹ ਜਾਣਦਾ ਹੈ, ਅਤੇ ਨਾਲੇ ਇਹ ਪਤਾ ਲਾਇਆ ਜਾ ਸਕੇ, ਕਿ ਕੀ ਉਹ ਸੱਚ ਬੋਲ ਰਿਹਾ ਹੈ। ਇਸਨੂੰ ਬਿਆਨ ਅਤੇ ਜਿਰ੍ਹਾ ਕਹਿੰਦੇ ਹਨ।

ਇਹ ਜ਼ਰੂਰੀ ਹੈ ਕਿ ਤੁਹਾਡਾ ਬੱਚਾ ਇਹ ਗਲ ਸਮਝ ਲਵੇ, ਕਿ ਉਸ ਨੂੰ ਬਸ ਸੱਚ ਬੋਲਦੇ ਰਹਿਣਾ ਚਾਹੀਦਾ ਹੈ।

ਕੁਝ ਸਵਾਲ ਬਹੁਤ ਨਿਜੀ ਹੋ ਸਕਦੇ ਹਨ, ਅਤੇ ਇਹ ਜ਼ਰੂਰੀ ਹੈ ਕਿ ਤੁਹਾਡੇ ਬੱਚੇ ਨੂੰ ਪਤਾ ਹੋਵੇ ਕਿ ਇਨ੍ਹਾਂ ਸਵਾਲਾਂ ਦੇ ਜਵਾਬ ਦੇਣ ਵਿੱਚ ਕੋਈ ਹਰਜ ਨਹੀਂ, ਭਾਵੇਂ ਕਿ ਉਸਨੂੰ ਅਜਿਹੇ ਸ਼ਬਦ ਬੋਲਣੇ ਪੈਣ, ਜਿਨ੍ਹਾਂ ਦੀ ਵਰਤੋਂ ਕਰਦਿਆਂ ਉਸਨੂੰ ਸ਼ਰਮ ਮਹਿਸੂਸ ਹੋਵੇ।

ਗਵਾਹੀ ਦੇਣ ਵਿੱਚ ਤੁਹਾਡੇ ਬੱਚੇ ਦੀ ਸਹਾਇਤਾ ਵਾਸਤੇ ਕਈ ਵਿਸ਼ੇਸ਼ ਢੰਗ ਹਨ। ਇਨ੍ਹਾਂ ਵਿਸ਼ੇਸ਼ ਢੰਗਾਂ ਦਾ ਇਸ ਪੁਸਤਿਕਾ ਵਿੱਚ ਅਤੇ ਬੱਚਿਆਂ ਅਤੇ ਨੌਜਵਾਨਾਂ ਲਈ ਪੁਸਤਿਕਾਵਾਂ ਵਿੱਚ ਵਰਣਨ ਹੈ। ਤੁਹਾਨੂੰ ਆਪਣੇ ਬੱਚੇ ਦੀ ਪੁਸਤਿਕਾ ਪੜ੍ਹਕੇ ਉਸ ਦੀ ਇਹ ਸਮਝਣ ਵਿੱਚ ਮਦਦ ਕਰਨੀ ਚਾਹੀਦੀ ਹੈ, ਕਿ ਗਵਾਹ ਬਣਨ ਦਾ ਕੀ ਮਤਲਬ ਹੈ। ਇਸ ਨਾਲ ਬੱਚੇ ਅੰਦਰ ਵਿਸ਼ਵਾਸ ਵਧ ਸਕਦਾ ਹੈ।

ਤੁਹਾਨੂੰ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਕਿ ਤੁਹਾਡਾ ਬੱਚਾ ਇਹ ਗਲ ਜਾਣ ਲਏ ਕਿ ਜੇ ਉਸਨੂੰ ਕੋਈ ਸਵਾਲ ਸਮਝ ਨਹੀਂ ਆਉਂਦਾ, ਤਾਂ ਇਹ ਗਲ ਕਹਿਣ ਵਿੱਚ ਕੋਈ ਹਰਜ ਨਹੀਂ। ਤੁਹਾਨੂੰ ਆਪਣੇ ਬੱਚੇ ਨੂੰ ਇਹ ਗਲ ਵੀ ਜ਼ਰੂਰ ਸਮਝਾਉਣੀ ਚਾਹੀਦੀ ਹੈ ਕਿ ਜੇ ਕੋਰਟ ਰੂਮ ਵਿੱਚ ਲੋਕ ਉਸਦੀ ਗਲ ਠੀਕ ਤਰ੍ਹਾਂ ਨਹੀਂ ਸਮਝਦੇ, ਤਾਂ ਉਨ੍ਹਾਂ ਨੂੰ ਠੀਕ ਤਰ੍ਹਾਂ ਸਮਝਾਉਣ ਵਿੱਚ ਕੋਈ ਹਰਜ ਨਹੀਂ।

# ਕਿਸੇ ਵਿਅਕਤੀ ਦੀ ਸ਼ਨਾਖ਼ਤ ਕਰਨਾ

ਹੋ ਸਕਦਾ ਹੈ ਕਿ ਤੁਹਾਡਾ ਬੱਚਾ ਕੋਰਟ ਵਿੱਚ ਆਉਣ ਤੋਂ ਪਹਿਲਾਂ ਕਿਸੇ ਵਿਅਕਤੀ ਦੀ ਸ਼ਨਾਖ਼ਤ ਕਰ ਚੁੱਕਾ ਹੋਵੇ। ਹੋ ਸਕਦਾ ਹੈ ਕਿ ਉਹ ਸ਼ਨਾਖ਼ਤੀ ਪਰੇਡ ਜਾਂ ਅਜਿਹੀ ਕਿਸੇ ਹੋਰ ਪ੍ਰਕਿਰਿਆ ਵਿੱਚ ਸ਼ਾਮਲ ਹੋਇਆ ਹੋਵੇ। ਜੇ ਅਜਿਹਾ ਹੈ, ਤਾਂ ਉਸ ਨੂੰ ਕੋਰਟ ਵਿੱਚ ਦੁਬਾਰਾ ਸ਼ਨਾਖ਼ਤ ਕਰਨ ਦੀ ਜ਼ਰੂਰਤ ਨਹੀਂ।

ਪਰ ਕੁਝ ਹਾਲਤਾਂ ਵਿੱਚ ਤੁਹਾਡੇ ਬੱਚੇ ਨੂੰ ਉਸ ਵਿਅਕਤੀ ਦੀ ਸ਼ਨਾਖ਼ਤ ਕਰਨੀ ਪੈ ਸਕਦੀ ਹੈ, ਜਿਸਦਾ ਕਿ ਉਹ ਕੋਰਟ ਵਿੱਚ ਜ਼ਿਕਰ ਕਰ ਰਿਹਾ ਹੋਵੇ।

ਅਜਿਹਾ ਕਈ ਤਰੀਕਿਆਂ ਨਾਲ ਹੋ ਸਕਦਾ ਹੈ।

- ਤੁਹਾਡੇ ਬੱਚੇ ਨੂੰ ਕਿਹਾ ਜਾ ਸਕਦਾ ਹੈ, ਕਿ ਉਹ ਕੋਰਟਰੂਮ ਵਿੱਚ ਚੁਫੇਰੇ ਨਜ਼ਰ ਮਾਰੇ ਅਤੇ ਜੇ ਉਹ ਵਿਅਕਤੀ ਨਜ਼ਰ ਆਏ ਤਾਂ ਉਸ ਵਲ ਇਸ਼ਾਰਾ ਕਰੇ।
- ਕਿਸੇ ਹੋਰ ਨੂੰ ਵੀ ਗਵਾਹ ਬਣਨ ਲਈ ਕਿਹਾ ਜਾ ਸਕਦਾ ਹੈ, ਤਾਂ ਜੇ ਉਹ ਕੋਰਟ ਨੂੰ ਦਸ ਸਕੇ ਕਿ ਤੁਹਾਡਾ ਬੱਚਾ ਕਿਸ ਦਾ ਜ਼ਿਕਰ ਕਰ ਰਿਹਾ ਹੈ। ਅਜਿਹਾ ਉਸ ਹਾਲਤ ਵਿੱਚ ਹੁੰਦਾ ਹੈ, ਜਦੋਂ ਬੱਚਾ ਉਸ ਵਿਅਕਤੀ ਨੂੰ ਜਾਣਦਾ ਹੋਵੇ, ਅਤੇ ਉਸ ਦਾ ਨਾਂਅ ਲੈ ਕੇ ਉਹਦੀ ਗਲ ਕਰ ਸਕਦਾ ਹੋਵੇ।

# ਗਵਾਹੀ ਦੇਣ ਲਈ ਉਪਲਬਧ ਵਿਸ਼ੇਸ਼ ਢੰਗ

ਕਾਨੂੰਨ ਬੱਚੇ ਨੂੰ ਗਵਾਹ ਬਣਨ ਵਿੱਚ ਸਹਾਇਤਾ ਦੇਣ ਲਈ ਸਮਰਥਨ ਦੇ ਉਪਲਬਧ ਢੰਗਾਂ ਵਿੱਚ ਵਾਧਾ ਕਰ ਸਕਦਾ ਹੈ, ਤਾਂ ਜੋ ਉਹ ਅਪਰਾਧਕ ਅਤੇ ਬੱਚਿਆਂ ਸਬੰਧੀ ਸੁਣਵਾਈ ਦੇ ਕੋਰਟ ਕੇਸ ਦੀ ਕਾਰਵਾਈ ਵਿੱਚ ਵਧੇਰੇ ਚੰਗੀ ਤਰ੍ਹਾਂ ਹਿੱਸਾ ਲੈ ਸਕੇ। ਇਨ੍ਹਾਂ ਨੂੰ 'ਵਿਸ਼ੇਸ਼ ਢੰਗ' ਕਿਹਾ ਜਾਂਦਾ ਹੈ।

ਕੁਝ ਵਿਸ਼ੇਸ਼ ਢੰਗ ਮਿਆਰੀ ਹਨ, ਅਤੇ ਹੁਣ ਸਾਰੇ ਬਾਲ ਗਵਾਹ ਇਨ੍ਹਾਂ ਦੀ ਵਰਤੋਂ ਕਰਨ ਦੇ ਹੱਕਦਾਰ ਹਨ।

ਇਹ ਹਨ:

- ਕੋਰਟ ਰੂਮ ਨਾਲ ਟੈਲੀਵਿਯਨ ਲਿੰਕ ਦੀ ਵਰਤੋਂ
- ਕੋਰਟ ਰੂਮ ਵਿੱਚ ਸਕ੍ਰੀਨ ਦੀ ਵਰਤੋਂ
- ਟੈਲੀਵਿਯਨ ਲਿੰਕ ਜਾਂ ਸਕ੍ਰੀਨ ਦੇ ਨਾਲ ਸਮਰਥਨ ਦੇਣ ਵਾਲੇ ਵਿਅਕਤੀ ਦੀ ਵਰਤੋਂ

ਤੁਹਾਡੇ ਬੱਚੇ ਨੂੰ ਪੁਛਿਆ ਜਾਏਗਾ, ਕਿ ਕੋਰਟ ਵਿੱਚ ਗਵਾਹੀ ਦੇਣ ਵੇਲੇ ਕੀ ਉਹ ਸਕ੍ਰੀਨ ਦੀ ਵਰਤੋਂ ਕਰਨੀ ਚਾਹੇਗਾ ਜਾਂ ਟੈਲੀਵਿਯਨ ਲਿੰਕ ਦੀ। ਇਹ ਇਕ ਬੜੀ ਮਹਤੱਵਪੂਰਨ ਗਲ ਹੈ ਕਿ ਤੁਹਾਡੇ ਬੱਚੇ ਨੂੰ ਇਹ ਸਮਝਣ ਕਿ ਇਹ ਵਿਸ਼ੇਸ਼ ਢੰਗ ਕੀ ਹਨ ਅਤੇ ਇਹ ਦਸਣ ਦਾ ਮੌਕਾ ਮਿਲੇ ਕਿ ਉਹ ਕਿਸ ਦੀ ਵਰਤੋਂ ਨੂੰ ਤਰਜੀਹ ਦੇਵੇਗਾ।

ਪ੍ਰੋਕਿਊਰੇਟਰ ਫ਼ਿਸਕਲ, ਰਿਪੋਰਟਰ ਜਾਂ ਵਕੀਲ ਨੂੰ ਚਾਹੀਦਾ ਹੈ ਕਿ ਉਹ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਵਿਸ਼ੇਸ਼ ਢੰਗਾਂ ਦੀ ਜ਼ਰੂਰਤ ਜਾਣਕਾਰੀ ਦੇਣ।

ਤੁਹਾਡੇ ਵਿਚਾਰਾਂ ਨੂੰ ਧਿਆਨ ਵਿੱਚ ਲਿਆ ਜਾਵੇਗਾ।

ਤੁਹਾਨੂੰ ਇਹ ਦਸਿਆ ਜਾਣਾ ਚਾਹੀਦਾ ਹੈ ਕਿ ਕਿਸ ਵਿਸ਼ੇਸ਼ ਢੰਗ (ਢੰਗਾਂ) ਦੀ ਵਰਤੋਂ ਬਾਰੇ ਸਹਿਮਤੀ ਹੋਈ ਹੈ, ਤਾਂ ਜੇ ਤੁਸੀਂ ਬੱਚੇ ਨੂੰ ਤਿਆਰੀ ਕਰਨ ਵਿੱਚ ਮਦਦ ਦੇ ਸਕੋ।

## ਸਕ੍ਰੀਨ ਦੀ ਵਰਤੋਂ

ਕੋਰਟਰੂਮ ਵਿੱਚ ਸਕ੍ਰੀਨ ਦੀ ਵਰਤੋਂ ਫ਼ਾਇਦੇਮੰਦ ਹੋ ਸਕਦੀ ਹੈ ਜੇਕਰ ਤੁਹਾਡਾ ਬੱਚਾ:

- ਕੋਰਟਰੂਮ ਵਿੱਚ ਜਾਣ ਅਤੇ ਜੱਜ, ਵਕੀਲਾਂ ਅਤੇ ਸੰਭਵ ਤੌਰ 'ਤੇ ਜਿਊਰੀ ਸਾਮ੍ਹਣੇ ਬੋਲਣ ਬਾਰੇ ਫ਼ਿਕਰਮੰਦ ਨਹੀਂ ਹੈ
- ਪਰ ਦੋਸ਼ੀ ਜਾਂ ਕਿਸੇ ਹੋਰ ਅਜਿਹੇ ਵਿਅਕਤੀ ਨੂੰ ਵੇਖਣ ਬਾਰੇ ਚਿੰਤਾਤੁਰ ਹੈ, ਜਿਸਦੇ ਸੰਬੰਧ ਵਿੱਚ ਉਹ ਗਵਾਹੀ ਦੇ ਰਿਹਾ ਹੋਵੇ।

ਗਵਾਹ ਦੇ ਕਟਹਿਰੇ ਦੇ ਨਾਲ ਕਰਕੇ ਤੁਹਾਡੇ ਬੱਚੇ ਅਤੇ ਦੋਸ਼ੀ ਜਾਂ ਕਿਸੇ ਹੋਰ ਵਿਅਕਤੀ ਦੇ ਵਿਚਕਾਰ ਕਮਰੇ ਨੂੰ ਦੋ ਹਿਸਿਆਂ ਵਿੱਚ ਵੰਡਣ ਲਈ ਜਾਂ ਇਕ ਪਰਦੇ ਵਜੋਂ ਸਕ੍ਰੀਨ ਲਾ ਦਿਤੀ ਜਾਂਦੀ ਹੈ। ਤੁਹਾਡਾ ਬੱਚਾ ਸਕ੍ਰੀਨ ਦੇ ਦੂਜੇ ਪਾਸੇ ਵਲ ਦੇ ਕਿਸੇ ਵਿਅਕਤੀ ਨੂੰ ਨਹੀਂ ਵੇਖ ਸਕਦਾ।

ਤੁਹਾਡੇ ਬੱਚੇ ਨੂੰ ਇਹ ਪਤਾ ਹੋਣਾ ਜ਼ਰੂਰੀ ਹੈ ਕਿ ਜਦੋਂ ਉਹ ਗਵਾਹੀ ਦੇ ਰਿਹਾ ਹੋਵੇਗਾ, ਤਾਂ ਸਕ੍ਰੀਨ ਦੇ ਦੂਜੇ ਪਾਸੇ ਵਲ ਦੋਸ਼ੀ ਅਤੇ ਹੋਰ ਵਿਅਕਤੀ ਕੋਰਟ ਦੇ ਟੈਲੀਵਿਯਨ ਮਾਨੀਟਰ ਦੁਆਰਾ ਉਸਨੂੰ ਵੇਖ ਸਕਣਗੇ।

ਜੇ ਤੁਹਾਡਾ ਬੱਚਾ ਚਾਹੇ ਕਿ ਸਮਰਥਨ ਲਈ ਇਕ ਵਿਅਕਤੀ ਉਸਦੇ ਨਾਲ ਹੋਣਾ ਚਾਹੀਦਾ ਹੈ, ਤਾਂ ਇਹ ਵਿਅਕਤੀ, ਸਕ੍ਰੀਨ ਦੀ ਵਰਤੋਂ ਕੀਤੇ ਜਾਣ 'ਤੇ ਵੀ ਬੱਚੇ ਦੇ ਨਾਲ ਬੈਠ ਸਕੇਗਾ।

ਟੈਲੀਵਿਯਨ ਲਿੰਕ ਦੀ ਵਰਤੋਂ

ਜੇ ਤੁਹਾਡੇ ਬੱਚੇ ਨੂੰ ਲੋਕਾਂ ਨਾਲ ਭਰੇ ਕੋਰਟ ਰੂਮ ਵਿੱਚ ਜਾਣ ਬਾਰੇ ਖ਼ਾਸ ਤੌਰ 'ਤੇ ਚਿੰਤਾ ਹੋਣ ਦੀ ਸੰਭਾਵਨਾ ਹੈ, ਤਾਂ ਹੋ ਸਕਦਾ ਹੈ ਕਿ ਉਸ ਵਾਸਤੇ ਟੈਲੀਵਿਯਨ ਲਿੰਕ ਦੀ ਵਰਤੋਂ ਬਿਹਤਰ ਰਹੇ।

ਇਸ ਨਾਲ ਮਦਦ ਮਿਲ ਸਕੇਗੀ ਜੇਕਰ:

- ਬੱਚਾ ਬਹੁਤ ਸਾਰੇ ਅਜਨਬੀ ਲੋਕਾਂ ਦੇ ਸਾਮ੍ਹਣੇ ਬੋਲਣ ਤੋਂ ਬਹੁਤ ਸ਼ਰਮਾਉਂਦਾ ਹੈ;
- ਬੱਚਾ ਉਸ ਕਮਰੇ ਵਿੱਚ ਨਹੀਂ ਜਾਣਾ ਚਾਹੁੰਦਾ, ਜਿਸ ਵਿੱਚ ਦੋਸ਼ੀ ਜਾਂ ਕੋਈ ਹੋਰ ਵਿਅਕਤੀ ਹੋਵੇ।

ਟੈਲੀਵਿਯਨ ਲਿੰਕ ਵਾਲਾ ਕਮਰਾ, ਕੋਰਟਰੂਮ ਤੋਂ ਵਖ ਹੁੰਦਾ ਹੈ। ਇਹ ਆਮ ਕਰਕੇ ਉਸੇ ਇਮਾਰਤ ਵਿੱਚ ਹੁੰਦਾ ਹੈ, ਜਿਸ ਵਿੱਚ ਕਿ ਕੋਰਟ ਹੁੰਦੀ ਹੈ। ਪਰ 12 ਸਾਲ ਤੋਂ ਘਟ ਉਮਰ ਦੇ ਬੱਚਿਆਂ ਲਈ ਜਾਂ ਕੁਝ ਹੋਰ ਬੱਚਿਆਂ ਲਈ ਕਿਸੇ ਵਖਰੀ ਇਮਾਰਤ ਵਿੱਚ ਵੀ ਸਥਾਪਤ ਕੀਤਾ ਜਾ ਸਕਦਾ ਹੈ, ਜੇਕਰ ਇਨ੍ਹਾਂ ਬੱਚਿਆਂ ਦੇ ਕੋਰਟਰੂਮ ਵਿੱਚ ਨਾਂਹ ਆਉਣ ਦਾ ਕੋਈ ਵਿਸ਼ੇਸ਼ ਕਾਰਨ ਹੋਵੇ।

ਟੈਲੀਵਿਯਨ ਨੂੰ ਕੋਰਟ ਰੂਮ ਨਾਲ ਜੋੜਿਆ ਜਾਂਦਾ ਹੈ, ਜਿਥੇ ਜੱਜ ਅਤੇ ਵਕੀਲਾਂ ਕੋਲ ਟੈਲੀਵਿਯਨ ਮਾਨੀਟਰ ਅਤੇ ਕੈਮਰੇ ਹੁੰਦੇ ਹਨ। ਸਾਰੇ ਕੈਮਰਿਆਂ ਦਾ ਕੰਟਰੋਲ ਜੱਜ ਕੋਲ ਹੁੰਦਾ ਹੈ।

ਇਨ੍ਹਾਂ ਨੂੰ ਚਾਲੂ ਕੀਤੇ ਜਾਣ 'ਤੇ, ਤੁਹਾਡਾ ਬੱਚਾ ਇਕ ਸਮੇਂ 'ਤੇ ਇਕ ਜਣੇ ਨੂੰ ਅਰਥਾਤ ਜੱਜ ਜਾਂ ਵਕੀਲ ਨੂੰ ਵੇਖ ਅਤੇ ਸੁਣ ਸਕੇਗਾ, ਅਤੇ ਉਹ ਤੁਹਾਡੇ ਬੱਚੇ ਨੂੰ ਵੇਖ ਅਤੇ ਸੁਣ ਸਕਣਗੇ।

ਇਹ ਯਕੀਨੀ ਬਣਾਉ ਕਿ ਬੱਚੇ ਨੂੰ ਇਹ ਪਤਾ ਹੋਵੇ ਕਿ ਟੈਲੀਵਿਯਨ ਲਿੰਕ ਦੀ ਵਰਤੋਂ ਕੀਤੇ ਜਾਣ 'ਤੇ ਉਹ ਤਾਂ ਦੋਸ਼ੀ ਜਾਂ ਹੋਰ ਵਿਅਕਤੀ ਨੂੰ ਨਹੀਂ ਵੇਖ ਸਕੇਗਾ, ਪਰ ਦੋਸ਼ੀ ਜਾਂ ਹੋਰ ਵਿਅਕਤੀ, ਬੱਚੇ ਨੂੰ ਗਵਾਹੀ ਦਿੰਦਿਆਂ ਹੋਇਆਂ ਵੇਖ ਅਤੇ ਸੁਣ ਸਕਣਗੇ।

## ਸਮਰਥਨ ਦੇਣ ਵਾਲੇ ਵਿਅਕਤੀ ਦੀ ਵਰਤੋਂ

ਜੇ ਤੁਹਾਡਾ ਬੱਚਾ ਸਕ੍ਰੀਨ ਜਾਂ ਟੈਲੀਵਿਯਨ ਲਿੰਕ ਚੁਣਦਾ ਹੈ, ਤਾਂ ਕੋਰਟ ਇਹ ਜਾਣਨਾ ਚਾਹੇਗੀ ਕਿ ਕੀ ਤੁਹਾਡਾ ਬੱਚਾ ਚਾਹੁੰਦਾ ਹੈ, ਕਿ ਜਦੋਂ ਉਹ ਗਵਾਹੀ ਦੇਵੇ ਤਾਂ ਸਮਰਥਨ ਦੇਣ ਵਾਲਾ ਇਕ ਵਿਅਕਤੀ ਉਸਦੇ ਕੋਲ ਬੈਠੇ।

ਜਦੋਂ ਬੱਚੇ ਕੋਲੋਂ ਸਵਾਲ ਪੁਛੇ ਜਾਂਦੇ ਹਨ, ਤਾਂ ਸਮਰਥਨ ਦੇਣ ਵਾਲਾ ਵਿਅਕਤੀ ਉਸਦੇ ਕੋਲ ਬੈਠ ਕੇ ਉਸਦੀ ਘਬਰਾਹਟ ਨੂੰ ਘਟ ਕਰਨ ਵਿੱਚ ਮਦਦ ਦੇ ਸਕਦਾ ਹੈ। ਸਮਰਥਨ ਦੇਣ ਵਾਲਾ ਵਿਅਕਤੀ ਤੁਹਾਡੇ ਬੱਚੇ ਦੀ ਕਿਸੇ ਸਵਾਲ ਦਾ ਉੱਤਰ ਦੇਣ ਵਿੱਚ ਮਦਦ ਨਹੀਂ ਕਰ ਸਕਦਾ। ਨਾਂਹ ਤਾਂ ਉਸਨੂੰ ਬੱਚੇ ਨੂੰ ਬੋਲਦਿਆਂ ਵਿੱਚ ਟੋਕਣਾ ਚਾਹੀਦਾ ਹੈ ਅਤੇ ਨਾਂਹ ਹੀ ਦਸਣਾ ਚਾਹੀਦਾ ਹੈ ਕਿ ਉਹ ਕੀ ਕਹੇ। ਉਹ ਬੱਚੇ ਵਲੋਂ ਗਵਾਹੀ ਦਿਤੇ ਜਾਣ ਤੋਂ ਪਹਿਲਾਂ ਉਸਨੂੰ ਸਮਰਥਨ ਅਤੇ ਭਰੋਸਾ ਦੇ ਸਕਦਾ ਹੈ ਅਤੇ ਵਕਫ਼ੇ ਦੌਰਾਨ ਬੱਚੇ ਨੂੰ ਸਾਥ ਦੇ ਸਕਦਾ ਹੈ।

ਇਹ ਫ਼ੈਸਲਾ ਕਰਨਾ ਕਾਫ਼ੀ ਮੁਸ਼ਕਿਲ ਹੋ ਸਕਦਾ ਹੈ ਕਿ ਸਮਰਥਨ ਦੇਣ ਵਾਲਾ ਵਿਅਕਤੀ ਕਿਹੜਾ ਹੋਵੇ, ਇਸਲਈ ਤੁਹਾਨੂੰ ਇਸ ਬਾਰੇ ਆਪਣੇ ਬੱਚੇ ਦੀ ਗਲ ਧਿਆਨ ਨਾਲ ਸੁਣਨੀ ਚਾਹੀਦੀ ਹੈ, ਕਿ ਉਹ ਕੀ ਮਹਿਸੂਸ ਕਰਦਾ ਹੈ। ਇਹ ਕੋਈ ਅਜਿਹਾ ਵਿਅਕਤੀ ਹੋਣਾ ਚਾਹੀਦਾ ਹੈ, ਜਿਸ ਨੂੰ ਤੁਹਾਡਾ ਬੱਚਾ ਮਿਲਿਆ ਹੋਵੇ ਅਤੇ ਉਸ ਨਾਲ ਸਹਿਜ ਮਹਿਸੂਸ ਕਰੇ, ਤਾਂ ਜੋ ਬੱਚਾ ਗਵਾਹੀ ਦੇਣ ਵੇਲੇ ਘਟ ਫ਼ਿਕਰਮੰਦ ਹੋਵੇ।

ਬਹੁਤੇ ਮਾਤਾ-ਪਿਤਾ ਜਾਂ ਵੇਖਭਾਲ ਕਰਤਾ ਸੋਚਦੇ ਹਨ ਕਿ ਉਹ ਸਭ ਤੋਂ ਢੁਕਵੇਂ ਸਮਰਥਨ ਵਿਅਕਤੀ ਹੋਣਗੇ ਅਤੇ ਬੱਚੇ ਕੋਲੋਂ ਸਵਾਲ ਪੁਛੇ ਜਾਣ ਵੇਲੇ ਉਨ੍ਹਾਂ ਨੂੰ ਨੇੜੇ ਬੈਠਣਾ ਚਾਹੀਦਾ ਹੈ। ਪਰ ਤੁਹਾਨੂੰ ਹੇਠਾਂ ਦਿਤੀਆਂ ਕੁਝ ਗਲਾਂ ਨੂੰ ਧਿਆਨ ਵਿੱਚ ਲੈਣਾ ਚਾਹੀਦਾ ਹੈ:

- ਜੇ ਤੁਹਾਨੂੰ ਵੀ ਗਵਾਹੀ ਦੇਣ ਲਈ ਬੁਲਾਇਆ ਗਿਆ ਸੀ, ਤਾਂ ਤੁਸੀਂ ਆਪਣੇ ਬੱਚੇ ਦੇ ਸਮਰਥਨ ਵਿਅਕਤੀ ਨਹੀਂ ਹੋ ਸਕਦੇ, ਜਦ ਤਕ ਤੁਸੀਂ ਗਵਾਹੀ ਨਹੀਂ ਦੇ ਚੁਕਦੇ;
- ਕੁਝ ਬੱਚੇ ਬਹੁਤ ਸੰਕੋਚੀ ਹੋ ਸਕਦੇ ਹਨ ਅਤੇ ਉਹ ਤੁਹਾਨੂੰ ਕੇਸ ਦੇ ਵੇਰਵੇ ਸੁਣਨ ਤੋਂ ਦੂਰ ਰਖਣਾ ਚਾਹੁੰਦੇ ਹਨ। ਹੋ ਸਕਦਾ ਹੈ ਕਿ ਤੁਹਾਡਾ ਬੱਚਾ ਕਿਸੇ ਹੋਰ ਰਿਸ਼ਤੇਦਾਰ ਨਾਲ ਜਾਂ ਕਿਸੇ ਸਮਰਥਨ ਏਜੰਸੀ ਦੇ ਵਿਅਕਤੀ ਨਾਲ ਵਧੇਰੇ ਸਹਿਜ ਮਹਿਸੂਸ ਕਰੇ;
- ਕੁਝ ਬੱਚਿਆਂ ਨੂੰ ਇਸ ਗਲ ਤੋਂ ਹੌਸਲਾ ਮਿਲ ਸਕਦਾ ਹੈ, ਕਿ ਤੁਸੀਂ ਕਿਸੇ ਹੋਰ ਕਮਰੇ ਵਿੱਚ ਬੈਠੇ ਉਨ੍ਹਾਂ ਦੀ ਉਡੀਕ ਕਰ ਰਹੇ ਹੋ;
- ਹੋ ਸਕਦਾ ਹੈ ਕਿ ਤੁਹਾਨੂੰ ਕੇਸ ਬਾਰੇ ਕਈ ਸਾਰੇ ਵੇਰਵਿਆਂ ਦਾ ਪਹਿਲਾਂ ਤੋਂ ਪਤਾ ਹੋਵੇ, ਅਤੇ ਕੋਰਟ ਇਹ ਸੋਚ ਸਕਦੀ ਹੈ, ਕਿ ਤੁਸੀਂ ਬੱਚੇ ਦੀ ਗਵਾਹੀ ਨੂੰ ਪ੍ਰਭਾਵਤ ਕਰ ਸਕਦੇ ਹੋ।

ਤੁਹਾਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ ਆਪਣੇ ਬੱਚੇ ਦੀ ਗਵਾਹੀ ਸੁਣਨ 'ਤੇ ਤੁਹਾਡਾ ਕੀ ਪ੍ਰਤੀਕਰਮ ਹੋਵੇਗਾ। ਜੇ ਤੁਸੀਂ ਸਮਝਦੇ ਹੋ, ਕਿ ਤੁਸੀਂ ਕੋਰਟ ਵਿੱਚ ਪਰੇਸ਼ਾਨ ਹੋ ਸਕਦੇ ਹੋ, ਤਾਂ ਇਸਦੇ ਨਤੀਜੇ ਵਜੋਂ ਤੁਹਾਡਾ ਬੱਚਾ ਵੀ ਪਰੇਸ਼ਾਨ ਹੋ ਸਕਦਾ ਹੈ, ਇਸਲਈ ਤੁਸੀਂ ਇਹ ਫ਼ੈਸਲਾ ਕਰ ਸਕਦੇ ਹੋ, ਕਿ ਤੁਹਾਡੇ ਬੱਚੇ ਦੇ ਹਿਤ ਵਿੱਚ ਇਹੀ ਚੰਗਾ ਹੈ, ਕਿ ਤੁਸੀਂ ਵੇਟਿੰਗ ਰੂਮ ਵਿੱਚ ਬੈਠਕੇ ਉਡੀਕ ਕਰੋ।

ਅਪਰਾਧਕ ਕੇਸਾਂ ਵਿੱਚ ਇਹ ਬਹੁਤ ਆਮ ਹੈ, ਕਿ ਗਵਾਹ ਸੇਵਾ (ਵਿਟਨੈੱਸ ਸਰਵਿਸ) ਦਾ ਇਕ ਨੁਮਾਇੰਦਾ ਬੱਚਿਆਂ ਵਲੋਂ ਗਵਾਹੀ ਦਿਤੇ ਜਾਣ ਦੌਰਾਨ ਉਨ੍ਹਾਂ ਦੇ ਨਾਲ ਬੈਠਦਾ ਹੈ। ਹੋਰ ਸਮਰਥਨ ਵਿਅਕਤੀਆਂ ਵਿਚ, ਕਿਸੇ ਹੋਰ ਸਮਰਥਨ ਸੰਗਠਨ ਦਾ ਕੋਈ ਬੰਦਾ, ਕੋਈ ਰਿਸ਼ਤੇਦਾਰ, ਪਰਿਵਾਰ ਦਾ ਕੋਈ ਦੋਸਤ, ਸੋਸ਼ਲ ਵਰਕਰ ਜਾਂ ਅਧਿਆਪਕ ਸ਼ਾਮਲ ਹੋ ਸਕਦਾ ਹੈ।

ਇਨ੍ਹਾਂ ਕੇਸਾਂ ਵਿੱਚ ਗਵਾਹ ਸੇਵਾ ਜਾਂ VIA ਆਮ ਤੌਰ 'ਤੇ ਫ਼ੈਸਲਾ ਕਰਨ ਵਿੱਚ ਤੁਹਾਡੀ ਅਤੇ ਤੁਹਾਡੇ ਬੱਚੇ ਦੀ ਮਦਦ ਕਰ ਸਕਦੇ ਹਨ।

ਬੱਚਿਆਂ ਸੰਬੰਧੀ ਸੁਣਵਾਈ ਦੇ ਕੋਰਟ ਕੇਸਾਂ ਵਿੱਚ, ਰਿਪੋਰਟਰ ਜਾਂ ਸੇਫ਼ਗਾਰਡਰ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਫ਼ੈਸਲਾ ਕਰਨ ਵਿੱਚ ਸਹਾਇਤਾ ਦੇਣਗੇ।

ਜੇ ਤੁਹਾਡਾ ਬੱਚਾ ਸਕ੍ਰੀਨ ਜਾਂ ਟੈਲੀਵਿਯਨ ਲਿੰਕ ਦੀ ਵਰਤੋਂ ਨਹੀਂ ਕਰ ਰਿਹਾ, ਤਾਂ ਫਿਰ ਵੀ ਉਸਦੀ ਇੱਛਾ ਹੋ ਸਕਦੀ ਹੈ, ਕਿ ਸਮਰਥਨ ਲਈ ਕੋਈ ਵਿਅਕਤੀ ਉਸਦੇ ਨਾਲ ਹੋਵੇ। ਅਜਿਹੀ ਹਾਲਤ ਵਿੱਚ ਤੁਹਾਨੂੰ ਇਸ ਬਾਬਤ ਉਸ ਵਿਅਕਤੀ ਨਾਲ ਗਲ ਕਰਨੀ ਚਾਹੀਦੀ ਹੈ, ਜਿਸਨੇ ਬੱਚੇ ਨੂੰ ਗਵਾਹ ਬਣਨ ਲਈ ਕਿਹਾ ਹੋਵੇ।

ਹੋਰ ਵਿਸ਼ੇਸ਼ ਢੰਗ

ਤੁਹਾਡੇ ਬੱਚੇ ਦੀ ਸਹਾਇਤਾ ਲਈ ਕੁਝ ਹੋਰ ਵਿਸ਼ੇਸ਼ ਢੰਗ ਵੀ ਹਨ, ਪਰ ਇਹ ਕੋਰਟ ਦੀ ਮਰਜ਼ੀ 'ਤੇ ਨਿਰਭਰ ਹਨ। ਵਕੀਲ, VIA, ਗਵਾਹ ਸੇਵਾ ਜਾਂ ਰਿਪੋਰਟਰ ਇਨ੍ਹਾਂ ਬਾਰੇ ਅਤੇ ਕੇਸ ਵਿੱਚ ਇਨ੍ਹਾਂ ਦੇ ਢੁਕਵੇਂ ਹੋਣ ਬਾਰੇ ਵਧੇਰੇ ਜਾਣਕਾਰੀ ਦੇ ਸਕਦੇ ਹਨ।

ਜੇ ਤੁਹਾਡੇ ਬੱਚੇ ਦੀ ਪੁਲੀਸ ਨਾਲ ਇੰਟਰਵਿਊ ਦੀ ਕੋਈ ਵੀਡੀਓ ਜਾਂ ਆਡਿਓ ਟੇਪ ਹੋਵੇ, ਜਾਂ ਇਕ ਲਿਖਤੀ ਬਿਆਨ ਹੋਵੇ, ਤਾਂ ਜੱਜ ਕੋਲੋਂ ਕੋਰਟ ਵਿੱਚ ਉਸਨੂੰ ਵਿਖਾਏ ਜਾਣ, ਸੁਣਾਏ ਜਾਣ ਜਾਂ ਪੜ੍ਹੇ ਜਾਣ ਲਈ ਆਗਿਆ ਮੰਗੀ ਜਾ ਸਕਦੀ ਹੈ।

ਤੁਹਾਡੇ ਬੱਚੇ ਨੂੰ ਇਸ ਨੂੰ ਵੇਖਣ ਜਾਂ ਸੁਣਨ ਲਈ ਕਿਹਾ ਜਾ ਸਕਦਾ ਹੈ ਅਤੇ ਫਿਰ ਉਸ ਕੋਲੋਂ ਹੋਰ ਸਵਾਲ ਪੁਛੇ ਜਾ ਸਕਦੇ ਹਨ। ਬੱਚਾ ਇਸ ਦੇ ਵਾਸਤੇ ਸਕ੍ਰੀਨ ਜਾਂ ਟੈਲੀਵਿਯਨ ਲਿੰਕ ਦੀ ਵਰਤੋਂ ਚੁਣ ਸਕਦਾ ਹੈ।

ਇਸ ਹੋਰ ਵਿਸ਼ੇਸ਼ ਢੰਗ ਨੂੰ ਇਕ 'ਪੂਰਵ-ਬਿਆਨ' ਦੀ ਵਰਤੋਂ ਕਿਹਾ ਜਾਂਦਾ ਹੈ।

ਨਵੰਬਰ 2005 ਤੋਂ ਕੁਝ ਕੇਸਾਂ ਵਿੱਚ ਪ੍ਰੋਕਿਉਰੇਟਰ ਫ਼ਿਸਕਲ, ਰਿਪੋਰਟਰ ਜਾਂ ਵਕੀਲ ਕੋਰਟ ਨੂੰ ਕੇਸ ਸ਼ੁਰੂ ਹੋਣ ਤੋਂ ਪਹਿਲਾਂ ਹੀ ਤੁਹਾਡੇ ਬੱਚੇ ਦੀ ਗਵਾਹੀ ਸੁਣ ਲੈਣ ਲਈ ਕਹਿ ਸਕਦੇ ਹਨ। ਜੇ ਕੋਰਟ ਕੇਸ ਵਿੱਚ ਲੰਮੇ ਸਮੇਂ ਲਈ ਢਿਲ ਪੈਣ ਵਾਲੀ ਹੋਵੇ, ਤਾਂ ਇਹ ਤਰੀਕਾ ਫ਼ਾਇਦੇਮੰਦ ਹੋ ਸਕਦਾ ਹੈ।

ਇਸ ਨੂੰ ਕਮਿਸ਼ਨ 'ਤੇ ਗਵਾਹੀ ਲੈਣਾ ਕਿਹਾ ਜਾਂਦਾ ਹੈ।

ਜੇ ਉਹ ਇਸ ਬਾਰੇ ਵਿਚਾਰ ਕਰ ਰਹੇ ਹਨ, ਤਾਂ ਉਹ ਤੁਹਾਡੇ ਨਾਲ ਗਲ ਕਰਕੇ ਸਮਝਾਉਣਗੇ ਕਿ ਇਸਦਾ ਕੀ ਮਤਲਬ ਹੈ ਅਤੇ ਇਹ ਕਿਵੇਂ ਕੀਤਾ ਜਾਵੇਗਾ।

# ਤੁਸੀਂ ਅਤੇ ਤੁਹਾਡੇ ਬੱਚੇ ਦੇ ਵਿਚਾਰ

ਸਾਰੇ ਬੱਚਿਆਂ ਨੂੰ ਜ਼ਰੂਰ ਇਹ ਪੁਛਿਆ ਜਾਣਾ ਚਾਹੀਦਾ ਹੈ, ਕਿ ਗਵਾਹੀ ਦੇਣ ਵੇਲੇ ਉਹ ਕਿਨ੍ਹਾਂ ਵਿਸ਼ੇਸ਼ ਢੰਗਾਂ ਦੀ ਵਰਤੋਂ ਕਰਨੀ ਚਾਹੁਣਗੇ। ਤੁਹਾਡੇ ਕੋਲੋਂ ਵੀ ਤੁਹਾਡੇ ਵਿਚਾਰ ਪੁਛੇ ਜਾਣਗੇ।

ਕਿਨ੍ਹਾਂ ਵਿਸ਼ੇਸ਼ ਢੰਗਾਂ ਦੀ ਵਰਤੋਂ ਕੀਤੀ ਜਾਵੇ, ਇਸ ਬਾਰੇ ਬੱਚੇ ਅਤੇ ਉਸਦੇ ਮਾਤਾ-ਪਿਤਾ ਜਾਂ ਵੇਖਭਾਲ ਕਰਤਾ ਵਿਚਕਾਰ ਮਤਭੇਦ ਹੋਣਾ ਕਾਫ਼ੀ ਆਮ ਗਲ ਹੈ।

ਮਾਤਾ-ਪਿਤਾ ਜਾਂ ਵੇਖਭਾਲ ਕਰਤਾ ਆਪਣੇ ਬੱਚੇ ਦਾ ਜਿਥੋਂ ਤਕ ਹੋ ਸਕੇ, ਵਧ ਤੋਂ ਵਧ ਬਚਾਅ ਕਰਨਾ ਚਾਹੁੰਦੇ ਹਨ, ਅਤੇ ਇਹ ਸੁਭਾਵਕ ਹੀ ਹੈ। ਪਰ ਕਦੀ ਕਦੀ ਤੁਹਾਡਾ ਬੱਚਾ ਆਪਣੇ ਅੰਦਰ ਤੁਹਾਡੀ ਸੋਚ ਨਾਲੋਂ ਵਧੇਰੇ ਵਿਸ਼ਵਾਸ ਮਹਿਸੂਸ ਕਰਦਾ ਹੈ। ਤੁਹਾਡਾ ਬੱਚਾ ਜੋ ਕਹਿਣਾ ਚਾਹੁੰਦਾ ਹੈ, ਕੋਰਟ ਉਸ ਵਲ ਵਿਸ਼ੇਸ਼ ਧਿਆਨ ਦੇਵੇਗੀ।

ਆਪਣੇ ਬੱਚੇ ਨੂੰ ਉਤਸਾਹਿਤ ਕਰੋ ਕਿ ਉਹ ਪ੍ਰੋਕਿਉਰੇਟਰ ਫ਼ਿਸਕਲ, ਰਿਪੋਰਟਰ, VIA ਜਾਂ ਵਕੀਲ ਨੂੰ ਉਨ੍ਹਾਂ ਗਲਾਂ ਬਾਰੇ ਦਸੇ, ਜਿਨ੍ਹਾਂ ਦੀ ਉਸ ਨੂੰ ਚਿੰਤਾ ਹੈ। ਇਸਤਰ੍ਹਾਂ ਉਹ ਵਖ ਵਖ ਵਿਸ਼ੇਸ਼ ਢੰਗਾਂ ਬਾਰੇ ਕੁਝ ਹੋਰ ਸਲਾਹ ਦੇ ਸਕਣਗੇ, ਅਤੇ ਇਸਤਰ੍ਹਾਂ ਤੁਹਾਡੇ ਬੱਚੇ ਨੂੰ ਇਹ ਫ਼ੈਸਲਾ ਕਰਨ ਵਿੱਚ ਮਦਦ ਦੇ ਸਕਣਗੇ, ਕਿ ਕਿਹੜਾ ਢੰਗ ਉਹਦੇ ਲਈ ਸਭ ਤੋਂ ਚੰਗਾ ਹੈ।

ਹੋ ਸਕਦਾ ਹੈ ਕਿ ਤੁਹਾਡੇ ਬੱਚੇ ਨੇ ਗਵਾਹ ਬਣਨ ਬਾਰੇ ਆਪਣੀ ਪੁਸਤਿਕਾ ਪੜ੍ਹ ਲੈਣ ਤੋਂ ਬਾਅਦ ਕੁਝ ਮਨ ਬਣਾ ਲਿਆ ਹੋਵੇਗਾ, ਜਾਂ ਹੋ ਸਕਦਾ ਹੈ ਕਿ ਉਹ ਕੋਈ ਫ਼ੈਸਲਾ ਕਰਨ ਤੋਂ ਪਹਿਲਾਂ ਕੋਰਟਰੂਮ ਵੇਖਣਾ ਚਾਹੇ। ਕੋਰਟ ਰੂਮ ਅਤੇ ਵਿਸ਼ੇਸ਼ ਢੰਗਾਂ ਨੂੰ ਸੀਡੀ ਰੱਮ 'ਤੇ ਵੇਖ ਸਕਣਾ ਸੰਭਵ ਹੈ।

ਯਾਦ ਰਖੋ ਕਿ ਬੱਚੇ, ਬਾਲਗ਼ਾਂ ਦੇ ਵਿਚਾਰਾਂ ਤੋਂ ਪ੍ਰਭਾਵਤ ਹੋ ਸਕਦੇ ਹਨ ਅਤੇ ਤੁਹਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ, ਕਿ ਤੁਸੀਂ ਆਪਣੇ ਬੱਚੇ ਦੀ ਗਲ ਸੁਣੋ ਅਤੇ ਉਸਦੇ ਫ਼ੈਸਲੇ ਨੂੰ ਪ੍ਰਭਾਵਤ ਨਾਂਹ ਕਰੋ।

ਹੋ ਸਕਦਾ ਹੈ ਕਿ ਕੋਈ ਨੌਜਵਾਨ ਕਿਸੇ ਵਿਸ਼ੇਸ਼ ਢੰਗ ਦੀ ਵਰਤੋਂ ਨਾਂਹ ਕਰਨੀ ਚਾਹੇ, ਅਤੇ ਕਿਸੇ ਵਾਧੂ ਸਹਾਇਤਾ ਤੋਂ ਬਿਨਾਂ ਹੀ ਕੋਰਟਰੂਮ ਵਿੱਚ ਜਾਣਾ ਪਸੰਦ ਕਰੇ। ਜੇ ਤੁਹਾਡਾ ਬੱਚਾ ਕਿਸੇ ਵਿਸ਼ੇਸ਼ ਢੰਗ ਦੀ ਵਰਤੋਂ ਨਹੀਂ ਕਰਨੀ ਚਾਹੁੰਦਾ, ਤਾਂ ਉਸਦੇ ਵਿਚਾਰਾਂ ਨੂੰ ਧਿਆਨ ਵਿੱਚ ਲਿਆ ਜਾਵੇਗਾ।

ਬੱਚੇ, ਕਿਸ ਵਿਸ਼ੇਸ਼ ਢੰਗ ਦੀ ਵਰਤੋਂ ਕਰਨੀ ਹੈ, ਇਸ ਬਾਰੇ ਆਪਣਾ ਮਨ ਬਦਲ ਸਕਦੇ ਹਨ, ਅਤੇ ਤੁਹਾਨੂੰ ਇਸ ਬਾਰੇ ਕੋਈ ਵੀ ਸੂਚਨਾ ਸੰਬੰਧਤ ਵਿਅਕਤੀਆਂ ਨੂੰ ਪਹੁੰਚਾ ਦੇਣੀ ਚਾਹੀਦੀ ਹੈ।

# ਕੋਰਟ ਵਿੱਚ ਜਾਣਾ

ਬਹੁਤੇ ਗਵਾਹ ਮੁਖ ਸਰਬਜਨਕ ਦੁਆਰ ਥਾਣੀਂ ਕੋਰਟ ਵਿੱਚ ਆਉਂਦੇ ਹਨ। ਜਦੋਂ ਤੁਹਾਡਾ ਬੱਚਾ ਆਉਂਦਾ ਹੈ, ਤਾਂ ਉਸ ਨੂੰ ਮੁਖ ਵੇਟਿੰਗ ਰੂਮ ਵਿੱਚ ਬੈਠਣ ਲਈ ਕਿਹਾ ਜਾਵੇਗਾ, ਸ਼ਾਇਦ ਹੋਰ ਗਵਾਹਾਂ ਦੇ ਨਾਲ।

ਜੇ ਤੁਸੀਂ ਸਮਝਦੇ ਹੋ, ਕਿ ਤੁਹਾਡਾ ਬੱਚਾ ਕੋਰਟ ਵਿੱਚ ਇਨੇਂ ਸਾਰੇ ਲੋਕਾਂ ਨੂੰ ਵੇਖਕੇ ਪਰੇਸ਼ਾਨ ਹੋ ਜਾਵੇਗਾ, ਅਤੇ ਸ਼ਾਇਦ ਉਹ ਇਨਾਂ ਘਬਰਾ ਜਾਵੇ ਕਿ ਹੋਰ ਗਵਾਹਾਂ ਦੇ ਨਾਲ ਨਾਂਹ ਬੈਠ ਸਕੇ, ਤਾਂ ਅਜਿਹੀ ਹਾਲਤ ਵਿੱਚ ਤੁਹਾਨੂੰ ਪਤਾ ਕਰਨਾ ਚਾਹੀਦਾ ਹੈ, ਕਿ ਕੀ ਇਕ ਪ੍ਰਾਈਵੇਟ ਦਰਵਾਜ਼ਾ ਅਤੇ ਇਕ ਪ੍ਰਾਈਵੇਟ ਵੇਟਿੰਗ ਰੂਮ ਹੈ।

ਪੇਸ਼ਗੀ ਪ੍ਰਬੰਧ ਕੀਤੇ ਜਾ ਸਕਦੇ ਹਨ, ਅਤੇ ਕੋਰਟ ਦੀ ਗਵਾਹ ਸੇਵਾ (ਵਿਟਨੈੱਸ ਸਰਵਿਸ) ਦਾ ਸਟਾਫ਼ ਮਦਦ ਕਰਨ ਲਈ ਹਮੇਸ਼ਾ ਪੂਰੀ ਕੋਸ਼ਿਸ਼ ਕਰਦਾ ਹੈ। ਇਨ੍ਹਾਂ ਮੁਦਿੱਆਂ ਬਾਰੇ ਤੁਹਾਨੂੰ VIA ਜਾਂ ਗਵਾਹ ਸੇਵਾ ਜਾਂ ਰਿਪੋਰਟਰ ਨਾਲ ਗਲ ਕਰਨੀ ਚਾਹੀਦੀ ਹੈ।

ਅਪਰਾਧਕ ਕੇਸਾਂ ਵਿੱਚ, ਜੇਕਰ ਤੁਸੀਂ ਸਮਰਥਨ ਦੇਣ ਵਾਲੇ ਵਿਅਕਤੀ ਨਹੀਂ ਹੋ, ਅਤੇ ਤੁਸੀਂ ਗਵਾਹ ਨਹੀਂ ਹੋ ਤਾਂ ਹੋ ਸਕਦਾ ਹੈ, ਕਿ ਤੁਸੀਂ ਕੋਰਟ ਵਿੱਚ ਜਾਣਾ ਚਾਹੋ, ਤਾਂ ਜੋ ਕੋਰਟ ਵਿੱਚ ਜੋ ਕਿਹਾ ਜਾ ਰਿਹਾ ਹੋਵੇ, ਉਸਨੂੰ ਕੋਰਟ ਦੇ ਆਮ ਲੋਕਾਂ ਵਾਲੇ ਹਿੱਸੇ ਵਿੱਚ ਬੈਠਕੇ ਸੁਣ ਸਕੋ। ਇਸ ਬਾਰੇ ਫ਼ੈਸਲਾ ਕਰਨ ਤੋਂ ਪਹਿਲਾਂ, ਇਹ ਪਤਾ ਲਾਉਣ ਦਾ ਜਤਨ ਕਰੋ ਕਿ ਤੁਹਾਡਾ ਬੱਚਾ ਇਸ ਬਾਰੇ ਕੀ ਮਹਿਸੂਸ ਕਰਦਾ ਹੈ। ਕੁਝ ਕੇਸਾਂ ਵਿੱਚ ਕੋਰਟ ਬੱਚਿਆਂ ਵਲੋਂ ਗਵਾਹੀ ਦਿਤੇ ਜਾਣ ਵੇਲੇ ਆਮ ਲੋਕਾਂ ਵਾਲਾ ਹਿੱਸਾ ਖ਼ਾਲੀ ਕਰਵਾ ਲੈਂਦੀ ਹੈ।

ਤੁਹਾਨੂੰ ਕੋਰਟ ਦੇ ਸਟਾਫ਼ ਕੋਲੋਂ ਇਹ ਪਤਾ ਕਰਨਾ ਚਾਹੀਦਾ ਹੈ, ਕਿ ਕੀ ਤੁਸੀਂ ਆਮ ਲੋਕਾਂ ਵਾਲੇ ਹਿੱਸੇ ਵਿੱਚ ਬੈਠ ਸਕਦੇ ਹੋ।

ਬੱਚਿਆਂ ਸੰਬੰਧੀ ਸੁਣਵਾਈ ਦੇ ਕੋਰਟ ਕੇਸਾਂ ਵਿੱਚ, ਜੇ ਕੇਸ ਤੁਹਾਡੇ ਬੱਚੇ ਬਾਰੇ ਹੈ, ਅਤੇ ਤੁਸੀਂ ਇਕ ਸੰਬੰਧਤ ਵਿਅਕਤੀ ਹੋ, ਤਾਂ ਤੁਸੀਂ ਉਥੇ ਜਾਣ ਦੇ ਹੱਕਦਾਰ ਹੋ। ਜੇ ਤੁਸੀਂ ਵੀ ਗਵਾਹੀ ਦੇਣੀ ਹੈ, ਤਾਂ ਤੁਹਾਨੂੰ ਆਪਣੇ ਬੱਚੇ ਤੋਂ ਪਹਿਲਾਂ ਗਵਾਹੀ ਦੇਣੀ ਪਵੇਗੀ। ਤੁਸੀਂ ਇਹ ਗਲ ਰਿਪੋਰਟਰ ਕੋਲੋਂ ਸਪੱਸ਼ਟ ਕਰਵਾ ਸਕਦੇ ਹੋ।

# ਉਡੀਕ

ਸਰਕਾਰੀ ਪਾਲਿਸੀ ਇਹ ਹੈ ਕਿ ਜਿਸ ਕੇਸ ਵਿੱਚ ਇਕ ਬੱਚਾ ਗਵਾਹ ਹੋਵੇ, ਉਸ ਨੂੰ ਪਹਿਲ ਦਿਤੀ ਜਾਵੇ, ਅਤੇ ਬੱਚੇ ਨੂੰ ਘਟ ਤੋਂ ਘਟ ਸਮਾਂ ਉਡੀਕ ਕਰਨੀ ਪਵੇ।

ਕੇਸਾਂ ਨਾਲ ਜਿੰਨੀ ਛੇਤੀ ਸੰਭਵ ਹੋਵੇ, ਨਜਿੱਠਿਆ ਜਾਂਦਾ ਹੈ, ਪਰ ਕੁਝ ਅਪਰਾਧਕ ਕੇਸਾਂ ਦੇ ਕੋਰਟ ਵਿੱਚ ਆਉਣ 'ਤੇ ਬੜਾ ਵਕਤ ਲਗ ਸਕਦਾ ਹੈ। ਤੁਹਾਨੂੰ ਤਾਰੀਖ਼ ਦਿਤੇ ਜਾਣ ਤੋਂ ਬਾਅਦ ਵੀ, ਕੇਸ ਮੁਲਤਵੀ ਕਰਨਾ ਪੈ ਸਕਦਾ ਹੈ, ਅਤੇ ਇਸਦੇ ਕਈ ਕਾਰਨ ਹੋ ਸਕਦੇ ਹਨ। ਹੋ ਸਕਦਾ ਹੈ ਕਿ ਅਜਿਹਾ ਕਰਨ ਤੋਂ ਸਿਵਾ ਹੋਰ ਕੋਈ ਚਾਰਾ ਨਾਂਹ ਹੋਵੇ।

ਬੱਚਿਆਂ ਸੰਬੰਧੀ ਸੁਣਵਾਈ ਦੇ ਕੋਰਟ ਕੇਸਾਂ ਵਿੱਚ ਵਿਸ਼ੇਸ਼ ਸਮਾਂ-ਸੀਮਾ ਲਾਗੂ ਹੁੰਦੀ ਹੈ, ਤਾਂ ਜੇ ਕੇਸਾਂ ਦੀ ਸੁਣਵਾਈ ਯਕੀਨੀ ਤੌਰ 'ਤੇ ਜਿੰਨੀ ਛੇਤੀ ਤੋਂ ਛੇਤੀ ਹੋ ਸਕੇ, ਕੀਤੀ ਜਾਵੇ।

ਤੁਹਾਨੂੰ ਪਹਿਲਾਂ ਹੀ ਪਤਾ ਹੋਵੇਗਾ, ਕਿ ਕੋਰਟਾਂ ਵਿੱਚ ਬਹੁਤ ਕੰਮ ਹੁੰਦਾ ਹੈ, ਅਤੇ ਕੇਸ ਦੇ ਆਰੰਭ ਹੋਣ ਤੋਂ ਪਹਿਲਾਂ ਸਭ ਕੁਝ ਤਿਆਰ ਬਰ ਤਿਆਰ ਰਖਣ ਲਈ ਬਹੁਤ ਵਿਓਂਤਬੰਦੀ ਅਤੇ ਤਿਆਰੀ ਕਰਨੀ ਪੈਂਦੀ ਹੈ।

ਕੁਝ ਸਮੱਸਿਆਵਾਂ ਦੀ ਪੇਸ਼ਨਗੋਈ ਨਹੀਂ ਕੀਤੀ ਜਾ ਸਕਦੀ, ਜਿਵੇਂ ਕਿ ਕਿਸੇ ਸੰਬੰਧਤ ਵਿਅਕਤੀ ਦਾ ਬੀਮਾਰ ਹੋ ਜਾਣਾ। ਗਵਾਹਾਂ ਅਤੇ ਪਰਿਵਾਰਾਂ ਦਾ ਕਿਸੇ ਵੀ ਢਿਲ ਕਾਰਨ ਛਿੱਥੇ ਪੈਣਾ ਇਕ ਸਾਧਾਰਨ ਗਲ ਹੈ।

ਕਦੀ ਕਦੀ ਸੰਬੰਧਤ ਦਿਨ 'ਤੇ ਕੋਈ ਸਮੱਸਿਆ ਪੈਦਾ ਹੋ ਸਕਦੀ ਹੈ। ਤੁਹਾਨੂੰ ਕਿਸੇ ਹੋਰ ਦਿਨ ਫਿਰ ਆਉਣ ਲਈ ਕਿਹਾ ਜਾ ਸਕਦਾ ਹੈ। ਕੋਰਟ ਦੀ ਕੋਸ਼ਿਸ਼ ਹੋਵੇਗੀ, ਕਿ ਗਵਾਹੀ ਦੇਣ ਵਾਲੇ ਬੱਚੇ ਨੂੰ ਘਟ ਤੋਂ ਘਟ ਸਮਾਂ ਉਡੀਕ ਕਰਨੀ ਪਵੇ।

ਜੇ ਤੁਹਾਨੂੰ ਕੇਸ ਵਿੱਚ ਢਿਲ ਪੈਣ ਬਾਰੇ ਚਿੰਤਾ ਹੈ, ਤਾਂ ਤੁਹਾਨੂੰ ਪ੍ਰੋਕਿਉਰੇਟਰ ਫ਼ਿਸਕਲ, ਰਿਪੋਰਟਰ ਜਾਂ ਵਕੀਲ ਨਾਲ ਗਲ ਕਰਨੀ ਚਾਹੀਦੀ ਹੈ।

ਕੇਸ ਸ਼ੁਰੂ ਹੋ ਜਾਣ ਤੋਂ ਬਾਅਦ ਵੀ ਢਿਲ ਪੈ ਸਕਦੀ ਹੈ, ਅਤੇ ਕੁਝ ਬੱਚਿਆਂ ਨੂੰ ਗਵਾਹੀ ਦੇਣ ਵਾਸਤੇ ਆਪਣੀ ਵਾਰੀ ਲਈ ਕਾਫ਼ੀ ਦੇਰ ਉਡੀਕ ਕਰਨੀ ਪੈਂਦੀ ਹੈ। ਇਸਦੀ ਇਕ ਵਜ੍ਹਾ ਇਹ ਵੀ ਹੋ ਸਕਦੀ ਹੈ, ਕਿ ਤੁਹਾਡੇ ਬੱਚੇ ਤੋਂ ਪਹਿਲਾਂ ਗਵਾਹੀ ਦੇਣ ਵਾਲਾ ਵਿਅਕਤੀ ਉਮੀਦ ਨਾਲੋਂ ਜ਼ਿਆਦਾ ਵਕਤ ਲੈ ਰਿਹਾ ਹੋਵੇ।

ਬੱਚਿਆਂ ਲਈ ਉਡੀਕ ਦਾ ਸਮਾਂ ਬੜਾ ਅਕੱਅ ਦੇਣ ਵਾਲਾ ਹੋ ਸਕਦਾ ਹੈ। ਇਸ ਲਈ ਚੰਗਾ ਤਾਂ ਇਹ ਹੈ ਕਿ ਤੁਸੀਂ ਦੇਵੇਂ, ਵਕਤ ਬਿਤਾਉਣ ਲਈ ਕੁਝ ਨਾਲ ਲੈ ਕੇ ਆਉ, ਜਿਵੇਂ ਕਿ ਕਿਤਾਬਾਂ, ਰਸਾਲੇ ਜਾਂ ਕਾੱਮਿਕਸ। ਹੋ ਸਕਦਾ ਹੈ ਕਿ ਬੱਚਾ ਆਪਣੀ ਪਸੰਦ ਦਾ ਕੋਈ ਖਿਡੌਣਾ ਨਾਲ ਲਿਜਾਣਾ ਚਾਹੇ।

ਕੁਝ ਕੋਰਟਾਂ ਵਿੱਚ ਇਕ ਕੈਫ਼ਟੀਰੀਆ ਹੁੰਦਾ ਹੈ ਅਤੇ ਬਹੁਤੀਆਂ ਕੋਰਟਾਂ ਵਿੱਚ ਸਨੈਕਸ ਜਾਂ ਪੀਣ ਵਾਲੇ ਪਦਾਰਥਾਂ ਦੀ ਵੈਂਡਿੰਗ ਮਸ਼ੀਨ ਹੁੰਦੀ ਹੈ। ਪਰ ਤੁਹਾਨੂੰ ਇਸ ਸਭ ਤੋਂ ਪਹਿਲਾਂ ਚੈਕੱ ਕਰ ਲੈਣਾ ਚਾਹੀਦਾ ਹੈ, ਕਿਉਂਕਿ ਹੋ ਸਕਦਾ ਹੈ, ਕਿ ਤੁਸੀਂ ਕੋਈ ਸਨੈਕ ਆਪਣੇ ਨਾਲ ਲਿਆਉਣਾ ਚਾਹੋ।

# ਕੋਰਟ ਦੀਆਂ ਫੇਰੀਆਂ

ਕਿਸੇ ਨੂੰ ਵੀ ਪਹਿਲੀ ਵਾਰ ਕੋਈ ਕੰਮ ਵੇਲੇ ਉਹ ਆਸਾਨ ਨਹੀ ਲਗਦਾ, ਅਤੇ ਬਹੁਤੇ ਬੱਚੇ ਪਹਿਲਾਂ ਕਦੀ ਕੋਰਟ ਵਿੱਚ ਨਹੀਂ ਗਏ ਹੁੰਦੇ। ਬਹੁਤੇ ਲੋਕ ਗਵਾਹ ਬਣਨ ਦੇ ਸੰਬੰਧ ਵਿੱਚ ਵਧੇਰੇ ਸਹਿਜ ਮਹਿਸੂਸ ਕਰਦੇ ਹਨ ਜੇਕਰ ਉਨ੍ਹਾਂ ਨੂੰ ਪਤਾ ਹੋਵੇ ਕਿ ਅਗੋਂ ਕੀ ਹੋਣ ਵਾਲਾ ਹੈ, ਅਤੇ ਉਨ੍ਹਾਂ ਨੇ ਕੋਰਟ ਪਹਿਲਾਂ ਵੇਖੀ ਹੋਈ ਹੋਵੇ।

ਕੋਰਟ ਦੀ ਫੇਰੀ ਨਾਲ, ਇਹ ਫ਼ੈਸਲਾ ਕਰਨ ਵਿੱਚ ਮਦਦ ਮਿਲਦੀ ਹੈ, ਕਿ ਕਿਹੜਾ ਵਿਸ਼ੇਸ਼ ਢੰਗ ਚੁਣਿਆ ਜਾਵੇ। ਜੇ ਤੁਹਾਡੇ ਬੱਚੇ ਨੇ ਇਕ ਵਖਰੀ ਇਮਾਰਤ ਵਿੱਚ ਸਥਿਤ ਟੈਲੀਵਿਯਨ ਲਿੰਕ ਵਾਲੇ ਕਮਰੇ ਤੋਂ ਗਵਾਹੀ ਦੇਣੀ ਹੈ, ਤਾਂ ਉਸਨੂੰ ਪਹਿਲਾਂ ਉਹ ਕਮਰਾ ਵੇਖ ਲੈਣਾ ਚਾਹੀਦਾ ਹੈ।

ਇਨ੍ਹਾਂ ਫੇਰੀਆਂ ਦਾ ਪ੍ਰਬੰਧ ਆਮ ਕਰਕੇ **VIA,** ਗਵਾਹ ਸੇਵਾ, ਰਿਪੋਰਟਰ ਜਾਂ ਵਕੀਲ ਵਲੋਂ ਕੀਤਾ ਜਾਂਦਾ ਹੈ।

ਹੋ ਸਕਦਾ ਹੈ ਕਿ ਤੁਹਾਡਾ ਬੱਚਾ ਸੀਡੀ ਰੱਮ ਤੇ ਕੋਰਟ ਅਤੇ ਵਿਸ਼ੇਸ਼ ਢੰਗ ਨੂੰ ਵੇਖਣਾ ਚਾਹੇ। ਸੀਡੀ ਰੱਮ ਵੇਖਣ ਲਈ, ਉਸ ਵਿਅਕਤੀ ਨਾਲ ਗਲ ਕਰੋ, ਜਿਸਨੇ ਤੁਹਾਡੇ ਬੱਚੇ ਨੂੰ ਇਕ ਗਵਾਹ ਵਜੋਂ ਬੁਲਾਇਆ ਹੋਵੇ।

# ਸੂਚਨਾ ਅਗੋਂ ਕਿਸੇ ਹੋਰ ਨੂੰ ਦੇਣੀ

ਤੁਹਾਡੇ ਬੱਚੇ ਨੂੰ ਜਿੰਨੀ ਚੰਗੀ ਤਰ੍ਹਾਂ ਤੁਸੀਂ ਜਾਣਦੇ ਹੋ, ਉਨਾਂ ਹੋਰ ਕੋਈ ਨਹੀਂ ਜਾਣਦਾ। ਇਸ ਲਈ ਜੇ ਤੁਸੀਂ ਪ੍ਰੋਕਿਉਰੇਟਰ ਫ਼ਿਸਕਲ, ਰਿਪੋਰਟਰ, ਸੇਫ਼ਗਾਰਡਰ ਜਾਂ ਵਕੀਲ ਨੂੰ ਇਹ ਦਸ ਸਕੋ, ਕਿ ਤੁਹਾਡੇ ਬੱਚੇ ਨੂੰ ਗਵਾਹੀ ਦੇਣ ਵਿੱਚ ਕਿਵੇਂ ਸਹਾਇਤਾ ਮਿਲ ਸਕਦੀ ਹੈ, ਤਾਂ ਚੰਗਾ ਰਹੇਗਾ। VIA ਅਤੇ ਗਵਾਹ ਸੇਵਾ ਨੂੰ ਵੀ ਤੁਹਾਡਾ ਸੁਝਾਅ ਸੁਣ ਕੇ ਖ਼ੁਸ਼ੀ ਹੋਵੇਗੀ।

ਕਿਰਪਾ ਕਰਕੇ ਯਾਦ ਰਖੋ ਕਿ ਤੁਹਾਡੇ ਬੱਚੇ ਨੂੰ ਇਕ ਗਵਾਹ ਦੇ ਤੌਰ 'ਤੇ ਪ੍ਰਭਾਵਤ ਕਰਨ ਵਾਲੀ ਕੋਈ ਵੀ ਸੂਚਨਾ ਅਗੋਂ ਕਿਸੇ ਨੂੰ ਦੇਣਾ ਮਹਤੱਵਪੂਰਨ ਹੈ। ਹੇਠ ਲਿਖੀਆਂ ਗਲਾਂ ਬਾਰੇ ਦਸਣਾ ਤਾਂ ਖ਼ਾਸ ਤੌਰ 'ਤੇ ਜ਼ਰੂਰੀ ਹੈ:

- ਜੋ ਕੁਝ ਹੋ ਰਿਹਾ ਹੈ, ਤੁਹਾਡਾ ਬੱਚਾ ਕਿਸ ਹੱਦ ਤਕ ਉਸਨੂੰ ਸਮਝਦਾ ਹੈ?
- ਤੁਹਾਡੇ ਬੱਚੇ ਦੀ ਸੂਝਬੂਝ ਦੀ ਪੱਧਰ ਕੀ ਹੈ?
- ਤੁਹਾਡਾ ਬੱਚਾ ਕਿਸੇ ਗਲ ਵਲ ਕਿੰਨਾ ਚਿਰ ਧਿਆਨ ਦੇ ਸਕਦਾ ਹੈ? ਓਹ ਧਿਆਨ ਕੇਂਦ੍ਰਿਤ ਕਰਨ ਵਿੱਚ ਕਿੰਨਾ ਕੁ ਕੁਸ਼ਲ ਹੈ?
- ਤੁਹਾਡੇ ਬੱਚੇ ਨੂੰ ਆਪਣੇ ਵਿੱਚ ਕਿੰਨਾ ਕੁ ਵਿਸ਼ਵਾਸ ਹੈ?
- ਕੀ ਤੁਹਾਡਾ ਬੱਚਾ ਬਹੁਤ ਸ਼ਰਮਾਕਲ ਜਾਂ ਸਵੈ-ਸੰਕੋਚੀ ਹੈ?
- ਕੀ ਤੁਹਾਡੀ ਬੱਚਾ ਉਸ ਨੂੰ ਇੰਟਰਵਿਊ ਕੀਤੇ ਜਾਣ ਬਾਰੇ ਪਰੇਸ਼ਾਨ ਹੈ?
- ਕੀ ਤੁਹਾਡੇ ਬੱਚੇ ਨੂੰ ਬੋਲਣ, ਸੁਣਨ ਜਾਂ ਵੇਖਣ ਵਿੱਚ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ?
- ਕੀ ਤੁਹਾਡੇ ਬੱਚੇ ਨੂੰ ਕੋਈ ਸਿਖਣ ਦੀ ਜਾਂ ਸਰੀਰਕ ਅਸਮਰੱਥਾ ਹੈ?
- ਕੀ ਤੁਹਾਡਾ ਬੱਚਾ ਕੋਈ ਦਵਾਈਆਂ ਲੈਂਦਾ ਹੈ?
- ਕੀ ਤੁਹਾਡਾ ਬੱਚਾ ਕਿਸੇ ਥੈਰਾਪਿਸਟ ਕੋਲ ਜਾਂ ਕਿਸੇ ਵਿਸ਼ੇਸ਼ ਕਲਿਨਿਕ ਵਿੱਚ ਜਾਂਦਾ ਹੈ?
- ਤੁਹਾਡੇ ਬੱਚੇ ਨੂੰ ਕੋਰਟ ਦੇ ਸੰਬੰਧ ਵਿੱਚ ਕਿੰਨ੍ਹਾਂ ਗਲਾਂ 'ਤੇ ਚਿੰਤਾ ਹੈ?
- ਕੀ ਕੋਈ ਅਜਿਹੀਆਂ ਤਾਰੀਖਾਂ ਜਾਂ ਵਕਤ ਹੈ, ਜਦੋਂ ਬੱਚਾ ਕੋਰਟ ਵਿੱਚ ਨਾਂਹ ਜਾਣਾ ਚਾਹੇ, ਜਿਵੇਂ ਕਿ ਛੁੱਟੀਆਂ ਵਾਲੇ ਦਿਨ, ਜਾਂ ਦਿਨ ਦਾ ਉਹ ਵਕਤ ਜਦੋਂ ਬੱਚਾ ਸੌਂਦਾ ਹੈ?
- ਤੁਹਾਡਾ ਬੱਚਾ ਕਿਨ੍ਹਾਂ 'ਵਿਸ਼ੇਸ਼' ਸ਼ਬਦਾਂ ਦੀ ਵਰਤੋਂ ਕਰਦਾ ਹੈ, ਮਿਸਾਲ ਵਜੋਂ ਲੋਕਾਂ ਦੇ ਜਾਂ ਸਰੀਰ ਦੇ ਅੰਗਾਂ ਦੇ ਸੰਬੰਧ ਵਿੱਚ (ਜੇਕਰ ਉਸ ਵਲੋਂ ਗਵਾਹੀ ਦੇਣ ਵੇਲੇ ਇਨ੍ਹਾਂ ਸ਼ਬਦਾਂ ਦੀ ਵਰਤੋਂ ਦੀ ਸੰਭਾਵਨਾ ਹੋਵੇ)?

# ਕੋਰਟ ਕੇਸ ਦਾ ਨਤੀਜਾ

ਇਹ ਪੇਸ਼ੀਨਗੋਈ ਕਰਨਾ ਮੁਮਕਿਨ ਨਹੀਂ ਹੁੰਦਾ, ਕਿ ਹਰ ਕੋਰਟ-ਕੇਸ ਕਿੰਨਾਂ ਚਿਰ ਚਲੇਗਾ। ਕੁਝ ਕੇਸਾਂ 'ਤੇ ਸਿਰਫ਼ ਇਕ ਦਿਨ ਲਗਦਾ ਹੈ; ਜਦ ਕਿ ਕੁਝ ਕੇਸਾਂ 'ਤੇ ਕਈ ਦਿਨ ਜਾਂ ਇਸ ਤੋਂ ਵਧ ਵਕਤ ਲਗ ਸਕਦਾ ਹੈ। ਇਹ ਆਮ ਤੌਰ 'ਤੇ ਇਸ ਗਲ 'ਤੇ ਨਿਰਭਰ ਕਰਦਾ ਹੈ, ਕਿ ਕਿੰਨੇ ਗਵਾਹ ਹਨ ਅਤੇ ਹਰ ਗਵਾਹ ਗਵਾਹੀ ਦੇਣ 'ਤੇ ਕਿੰਨਾਂ ਸਮਾਂ ਲਾਉਂਦਾ ਹੈ।

ਜਦੋਂ ਵਕੀਲ ਤੁਹਾਡੇ ਬੱਚੇ ਕੋਲੋਂ ਸਵਾਲ ਪੁਛਣ ਦਾ ਕੰਮ ਮੁਕਾ ਲੈਂਦੇ ਹਨ, ਤਾਂ ਜੱਜ ਦਸੇਗਾ ਕਿ ਬੱਚੇ ਦਾ ਕੰਮ ਖ਼ਤਮ ਹੋ ਗਿਆ ਹੈ, ਅਤੇ ਉਹ ਜਾ ਸਕਦਾ ਹੈ। ਪੱਕਾ ਪਤਾ ਨਾਂਹ ਲਗਣ ਦੀ ਹਾਲਤ ਵਿੱਚ, ਸਮਰਥਨ ਦੇਣ ਵਾਲਾ ਵਿਅਕਤੀ ਚੈਕ ਕਰ ਸਕਦਾ ਹੈ। ਤੁਹਾਡੇ ਬੱਚੇ ਦਾ ਇਕ ਗਵਾਹ ਵਜੋਂ ਕੰਮ ਖਤਮ ਹੋ ਜਾਂਦਾ ਹੈ ਅਤੇ ਉਸਨੂੰ ਫਿਰ ਆਉਣ ਦੀ ਜ਼ਰੂਰਤ ਨਹੀਂ ਹੋਣੀ ਚਾਹੀਦੀ।

ਜਦੋਂ ਸਾਰੇ ਗਵਾਹਾਂ ਦੀਆਂ ਗਵਾਹੀਆਂ ਸੁਣ ਲਈਆਂ ਜਾਣ ਤਾਂ ਜੱਜ, ਸ਼ੈਰਿਫ਼ (ਜਾਂ ਜਿਊਰੀ) ਨੂੰ ਨਿਰਣੇ 'ਤੇ ਪਹੁੰਚਣਾ ਚਾਹੀਦਾ ਹੈ, ਜਾਂ ਫ਼ੈਸਲਾ ਕਰਨਾ ਚਾਹੀਦਾ ਹੈ।

ਇਕ ਅਪਰਾਧਕ ਕੇਸ ਵਿੱਚ ਤਿੰਨ ਤਰ੍ਹਾਂ ਦੇ ਨਿਰਣੇ ਹੁੰਦੇ ਹਨ:

- ਕਸੂਰਵਾਰ ਦਾ ਮਤਲਬ ਹੈ ਕਿ ਇਹ ਸਾਬਤ ਕਰਨ ਲਈ ਗਵਾਹੀਆਂ ਮਿਲੀਆਂ ਹਨ ਕਿ ਦੋਸ਼ੀ ਨੇ ਅਪਰਾਧ ਕੀਤਾ ਹੈ ਜਾਂ ਉਸਦੇ ਕਿਸੇ ਹਿੱਸੇ ਲਈ ਜ਼ਿਮੇਵਾਰ ਹੈ। ਫਿਰ ਜੱਜ ਨੂੰ ਕਿਸੇ ਵੀ ਸਜ਼ਾ ਜਾਂ ਦੰਡ 'ਤੇ ਵਿਚਾਰ ਕਰਨ ਲਈ ਕਿਹਾ ਜਾਵੇਗਾ।
- ਦੋਸ਼ ਸਾਬਤ ਨਹੀਂ ਹੋਇਆ ਜਾਂ ਕਸੂਰਵਾਰ ਨਹੀਂ ਤੋਂ ਭਾਵ ਹੈ ਕਿ ਇਹ ਸਾਬਤ ਕਰਨ ਦੇ ਹੱਕ ਵਿੱਚ ਕਾਫ਼ੀ ਗਵਾਹੀਆਂ ਨਹੀਂ ਹਨ ਕਿ ਦੋਸ਼ੀ 'ਮੁਨਾਸਬ ਸ਼ਕ ਤੋਂ ਬਾਹਰ' ਕਸੂਰਵਾਰ ਹੈ, ਜਾਂ ਜੱਜ ਜਾਂ ਜਿਊਰੀ ਨੂੰ ਯਕੀਨ ਨਹੀਂ ਹੋਇਆ ਕਿ ਦੋਸ਼ੀ ਨੇ ਅਪਰਾਧ ਕੀਤਾ ਹੈ। ਇਨ੍ਹਾਂ ਦੋਹਾਂ ਫ਼ੈਸਲਿਆਂ ਦਾ ਮਤਲਬ ਹੈ ਕਿ ਦੋਸ਼ੀ ਨੂੰ ਕੋਰਟ ਤੋਂ ਮੁਕਤ ਕਰ ਦਿਤਾ ਜਾਵੇਗਾ ਅਤੇ ਉਸਨੂੰ ਉਥੋਂ ਚਲੇ ਜਾਣ ਦੀ ਖੁਲ੍ਹ ਹੋਵੇਗੀ।

ਬੱਚਿਆਂ ਸੰਬੰਧੀ ਸੁਣਵਾਈ ਦੇ ਕੋਰਟ ਕੇਸ ਵਿੱਚ ਸ਼ੈਰਿਫ਼ ਫ਼ੈਸਲਾ ਕਰੇਗਾ ਕਿ ਕੀ ਸਾਬਤ ਹੋਇਆ ਹੈ, ਅਤੇ ਕੀ ਕੇਸ ਨੂੰ ਵਾਪਸ ਬੱਚਿਆਂ ਸੰਬੰਧੀ ਸੁਣਵਾਈ ਲਈ ਭੇਜਿਆ ਜਾਣਾ ਚਾਹੀਦਾ ਹੈ ਜਾਂ ਨਹੀਂ। ਅਗੋਂ ਕੀ ਹੋਵੇਗਾ, ਇਸ ਦਾ ਫ਼ੈਸਲਾ ਬੱਚਿਆਂ ਸੰਬੰਧੀ ਸੁਣਵਾਈ ਵਲੋਂ ਕੀਤਾ ਜਾਵੇਗਾ।

ਅਪਰਾਧਕ ਕੇਸਾਂ ਵਿੱਚ ਕੋਈ ਨਾਂਹ ਕੋਈ ਤੁਹਾਨੂੰ ਅੰਤਮ ਨਤੀਜੇ ਤੋਂ ਸੂਚਿਤ ਕਰੇਗਾ। ਬੱਚਿਆਂ ਸੰਬੰਧੀ ਸੁਣਵਾਈ ਦੇ ਕੋਰਟ ਕੇਸਾਂ ਵਿੱਚ, ਜਿਨ੍ਹਾਂ ਵਿੱਚ ਬੱਚੇ ਦੀ ਗੋਪਨੀਅਤਾ ਦੀ ਹਿਫ਼ਾਜ਼ਤ ਕੀਤੀ ਜਾਂਦੀ ਹੈ, ਇਹ ਸੂਚਨਾ ਵਧੇਰੇ ਸੀਮਤ ਹੋ ਸਕਦੀ ਹੈ।

ਜੇ ਤੁਸੀਂ ਕਿਸੇ ਨਾਲ ਗਲ ਕਰਨੀ ਚਾਹੋ, ਜਾਂ ਇਕ ਖ਼ਾਸ ਫ਼ੈਸਲੇ ਜਾਂ ਸਜ਼ਾ ਬਾਰੇ ਸਪੱਸ਼ਟੀਕਰਨ ਚਾਹੋ, ਤਾਂ ਤੁਹਾਨੂੰ VIA, ਰਿਪੋਰਟਰ ਜਾਂ ਵਕੀਲ ਨਾਲ ਸੰਪਰਕ ਕਰਨਾ ਚਾਹੀਦਾ ਹੈ।

# ਹੋਰ ਉਪਲਬਧ ਸਹਾਇਤਾ

ਅਪਰਾਧਕ ਸੱਟਾਂ ਲਈ ਹਰਜਾਨੇ ਦੇ ਦਾਅਵੇ: ਜੇ ਤੁਹਾਡਾ ਬੱਚਾ ਕਿਸੇ ਅਪਰਾਧ ਦਾ ਪੀੜਤ ਹੈ, ਤਾਂ ਹੋ ਸਕਦਾ ਹੈ ਕਿ ਤੁਸੀਂ ਅਪਰਾਧਕ ਸੱਟਾਂ ਲਈ ਉਸਦੀ ਤਰਫ਼ੋਂ ਹਰਜਾਨੇ ਵਾਸਤੇ ਅਰਜ਼ੀ ਦੇਣ ਬਾਰੇ ਵਿਚਾਰ ਕਰੋ।

ਤੁਹਾਨੂੰ ਕਲੇਮ ਫ਼ਾਰਮ ਹੇਠ ਲਿਖੇ ਪਤੇ ਤੋਂ ਮਿਲ ਸਕਦਾ ਹੈ:

**The Criminal Injuries**
**Compensation Authority (CICA)**
**Tay House**
**300 Bath Street**
**Glasgow**
**G2 4JR**

ਟੈਲੀਫ਼ੋਨ ਨੰਬਰ: **0141 331 2726**

ਜੇ ਤੁਹਾਨੂੰ ਫ਼ਾਰਮ ਭਰਨ ਵਿੱਚ ਸਹਾਇਤਾ ਦੀ ਜ਼ਰੂਰਤ ਹੈ, ਤਾਂ ਤੁਸੀਂ ਪੀੜਤਾਂ ਦੇ ਸਮਰਥਨ ਦੇ ਸਥਾਨਕ ਦਫ਼ਤਰ ਜਾਂ ਕਿਸੇ ਵਕੀਲ ਕੋਲੋਂ ਸਹਾਇਤਾ ਲੈ ਸਕਦੇ ਹੋ

ਪੀੜਤਾਂ ਲਈ ਨੋਟੀਫ਼ਿਕੇਸ਼ਨ ਸਕੀਮ: ਜੇ ਤੁਹਾਡਾ ਬੱਚਾ ਕਿਸੇ ਅਪਰਾਧ ਦਾ ਪੀੜਤ ਹੈ ਅਤੇ ਜੇ ਦੋਸ਼ੀ ਨੂੰ ਚਾਰ ਸਾਲ ਜਾਂ ਇਸ ਤੋਂ ਵਧ ਸਮੇਂ ਲਈ ਜੇਲ੍ਹ ਵਿੱਚ ਭੇਜ ਦਿਤਾ ਗਿਆ ਹੈ, ਤਾਂ ਤੁਸੀਂ ਅਤੇ ਤੁਹਾਡਾ ਬੱਚਾ ਪੀੜਤਾਂ ਲਈ ਨੋਟੀਫ਼ਿਕੇਸ਼ਨ ਸਕੀਮ ਵਿੱਚ ਸ਼ਾਮਲ ਹੋਣ ਦੇ ਹੱਕਦਾਰ ਹੋ। ਜਦੋਂ ਕੋਈ ਦੋਸ਼ੀ ਜੇਲ੍ਹ ਤੋਂ ਰਿਹਾ ਹੋਣ ਵਾਲਾ ਹੁੰਦਾ ਹੈ, ਤਾਂ ਇਸ ਸਕੀਮ ਦੇ ਤਹਿਤ ਪੀੜਤਾਂ ਅਤੇ ਪਰਿਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ। ਜੇ ਤੁਸੀਂ ਇਸ ਸਕੀਮ ਦੇ ਹੱਕਦਾਰ ਹੋ, ਤਾਂ ਤੁਹਾਨੂੰ ਇਸ ਬਾਰੇ VIA ਤੋਂ ਇਕ ਪਤੱਰ ਅਤੇ ਲੀਫ਼ਲੈੱਟ ਮਿਲੇਗਾ।

ਵਿਕਟਮ ਸਪੋਰਟ ਸਕਾਟਲੈਂਡ: ਸਾਰੇ ਕੇਸਾਂ ਵਿੱਚ ਤੁਹਾਨੂੰ ਸਥਾਨਕ ਸਮਰਥਨ ਸੇਵਾਵਾਂ ਨਾਲ ਗਲ ਕਰਨਾ ਸ਼ਾਇਦ ਲਾਭਕਾਰੀ ਮਹਿਸੂਸ ਹੋਵੇ। ਵਿਕਟਮ ਸਪੋਰਟ ਸਕਾਟਲੈਂਡ ਦੀ ਹੈਲਪਲਾਈਨ ਤੁਹਾਡਾ ਸਥਾਨਕ ਦਫ਼ਤਰ ਨਾਲ ਸੰਪਰਕ ਕਰਵਾ ਸਕਦੀ ਹੈ। ਫ਼ੋਨ ਨੰਬਰ ਹੈ: **0845 603 0213** । ਤੁਸੀਂ ਇਨ੍ਹਾਂ ਸਥਾਨਕ ਸੇਵਾਵਾਂ ਬਾਰੇ ਹੋਰ ਜਾਣਕਾਰੀ ਕੋਰਟ ਦੀ ਗਵਾਹ ਸੇਵਾ (ਵਿਟਨੈੱਸ ਸਰਵਿਸ) ਜਾਂ VIA ਤੋਂ ਪ੍ਰਾਪਤ ਕਰ ਸਕਦੇ ਹੋ।

ਸਕਾਟਲੈਂਡ ਦੇ ਕੈਦੀਆਂ ਦੇ ਪਰਿਵਾਰਾਂ ਲਈ ਹੈਲਪਲਾਈਨ: ਜੇ ਤੁਸੀਂ ਜਾਂ ਤੁਹਾਡਾ ਗਵਾਹ ਬੱਚਾ, ਕਿਸੇ ਅਜਿਹੇ ਦੋਸ਼ੀ ਵਿਅਕਤੀ ਦੇ ਰਿਸ਼ਤੇਦਾਰ ਹੋ ਜਿਸਨੂੰ ਜੇਲ੍ਹ ਭੇਜਿਆ ਜਾ ਸਕਦਾ ਹੈ, ਅਤੇ ਜੇ ਤੁਹਾਨੂੰ ਸੂਚਨਾ ਚਾਹੀਦੀ ਹੈ ਜਾਂ ਸਮਰਥਨ ਲਈ ਕੋਈ ਗਲ ਸੁਣਨ ਵਾਲਾ ਚਾਹੀਦਾ ਹੈ, ਤਾਂ ਤੁਸੀਂ ਹੈਲਪਲਾਈਨ ਨਾਲ ਕਰ-ਮੁਕਤ ਨੰਬਰ **0500 83 93 83** 'ਤੇ ਸੰਪਰਕ ਕਰ ਸਕਦੇ ਹੋ।

# ਟਿੱਪਣੀਆਂ

ਹੋ ਸਕਦਾ ਹੈ ਕਿ ਤੁਸੀਂ ਇਸ ਬਾਰੇ ਆਪਣੀ ਰਾਏ ਦੇਣੀ ਚਾਹੋ ਕਿ ਇਨ੍ਹਾਂ ਸੇਵਾਵਾਂ ਨੇ ਕਿਵੇਂ ਤੁਹਾਡੇ ਬੱਚੇ ਦੀ ਸਹਾਇਤਾ ਕੀਤੀ ਅਤੇ ਕਿਵੇਂ ਇਨ੍ਹਾਂ ਨੂੰ ਬਿਹਤਰ ਬਣਾਇਆ ਜਾ ਸਕਦਾ ਹੈ।

ਜੇ ਤੁਹਾਡੀਆਂ ਕੋਈ ਟਿਪੱਣੀਆਂ ਹਨ, ਜਿਨ੍ਹਾਂ ਤੋਂ ਭਵਿਖ ਵਿੱਚ ਬਾਲ ਗਵਾਹਾਂ ਅਤੇ ਉਨ੍ਹਾਂ ਦੇ ਵੇਖਭਾਲ ਕਰਤਾਵਾਂ ਨੂੰ ਫ਼ਾਇਦਾ ਹੋ ਸਕਦਾ ਹੋਵੇ, ਤਾਂ ਕਿਰਪਾ ਕਰਕੇ VIA, ਬੱਚਿਆਂ ਸੰਬੰਧੀ ਰਿਪੋਰਟਰ ਜਾਂ ਵਕੀਲ ਨੂੰ ਦਸੋ। ਗਵਾਹ ਸੇਵਾ ਵੀ ਤੁਹਾਨੂੰ ਆਪਣੀਆਂ ਟਿਪੱਣੀਆਂ ਦੇਣ ਲਈ ਕਹਿ ਸਕਦੀ ਹੈ।

# ਯਾਦ ਰਖਣ ਵਾਲੀਆਂ ਗਲਾਂ

ਇਸ ਕੇਸ ਨੂੰ ਕੋਰਟ ਵਿੱਚ ਲਿਆਉਣ ਵਾਲੇ ਸਾਰੇ ਲੋਕ ਇਸ ਗਲ ਨੂੰ ਸਮਝਣਗੇ ਕਿ ਇਹ ਤੁਹਾਡੇ ਅਤੇ ਤੁਹਾਡੇ ਬੱਚੇ ਲਈ ਇਕ ਕਠਿਨ ਸਮਾਂ ਹੋ ਸਕਦਾ ਹੈ। ਕਿਰਪਾ ਕਰਕੇ ਉਨ੍ਹਾਂ ਨਾਲ ਆਪਣੀਆਂ ਚਿੰਤਾਵਾਂ ਅਤੇ ਜਿਨ੍ਹਾਂ ਗਲਾਂ ਦੇ ਡਰ ਹਨ, ਉਨ੍ਹਾਂ ਬਾਰੇ ਗਲ ਕਰੋ। ਉਹ ਤੁਹਾਡੀ ਮਦਦ ਲਈ ਮੌਜੂਦ ਹਨ।

- ਇਸ ਪੁਸਤਿਕਾ ਅਤੇ ਗਵਾਹ ਬੱਚਿਆਂ ਬਾਰੇ ਪੁਸਤਿਕਾਵਾਂ ਤੋਂ ਤੁਸੀਂ ਅਤੇ ਤੁਹਾਡਾ ਬੱਚਾ ਸਮਝ ਸਕੇਗਾ ਕਿ ਗਵਾਹ ਬਣਨ ਦਾ ਕੀ ਮਤਲਬ ਹੈ।
- ਇਹ ਪੱਕ ਕਰੋ ਕਿ ਤੁਹਾਡਾ ਬੱਚਾ ਗਵਾਹ ਬਣਨ ਬਾਰੇ ਪੁਸਤਿਕਾ ਨੂੰ ਸਮਝ ਸਕੇ, ਅਤੇ ਓਸ ਨੂੰ ਕੋਈ ਵੀ ਸਵਾਲ ਪੁਛਣ ਦਾ ਮੌਕਾ ਮਿਲੇ।
- ਜੇ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਕੋਰਟ ਦੀ ਫੇਰੀ ਲਈ ਅਜੇ ਤਕ ਪੇਸ਼ਕਸ਼ ਨਹੀਂ ਕੀਤੀ ਗਈ, ਤਾਂ ਕੋਰਟ ਵਿਖਾਏ ਜਾਣ ਦੀ ਮੰਗ ਕਰੋ।
- ਇਹ ਯਕੀਨੀ ਬਣਾਉ ਕਿ ਤੁਹਾਨੂੰ ਕੋਰਟ ਕੇਸ ਸ਼ੁਰੂ ਹੋਣ ਤੋਂ ਪਹਿਲਾਂ ਸਾਰੀ ਜ਼ਰੂਰੀ ਸੂਚਨਾ ਪ੍ਰਾਪਤ ਹੋਵੇ।
- ਤੁਹਾਨੂੰ ਪੱਕਾ ਪਤਾ ਹੋਣਾ ਚਾਹੀਦਾ ਹੈ, ਕਿ ਕੋਰਟ ਰੂਮ ਜਾਂ ਟੀਵੀ ਲਿੰਕ ਵਾਲਾ ਕਮਰਾ ਕਿਥੇ ਹੈ ਅਤੇ ਤੁਸੀਂ ਕਿਵੇਂ ਉਥੇ ਪਹੁੰਚਣਾ ਹੈ।

ਇਕ ਗਵਾਹ ਵਜੋਂ ਤੁਹਾਡੇ ਬੱਚੇ ਦਾ ਸਭ ਤੋਂ ਅਹਿਮ ਕੰਮ ਸੱਚ ਬਿਆਨ ਕਰਨਾ ਹੈ।

ਤੁਹਾਡਾ ਸਭ ਤੋਂ ਮਹਤੱਵਪੂਰਨ ਕੰਮ ਆਪਣੇ ਬੱਚੇ ਨੂੰ ਇਸ ਸਿਲਸਿਲੇ ਵਿੱਚ ਆਪਣੇ ਅੰਦਰ ਵਧੇਰੇ ਵਿਸ਼ਵਾਸ ਮਹਿਸੂਸ ਕਰਨ ਵਿੱਚ ਮਦਦ ਦੇਣਾ ਹੈ।

ਉਸਨੂੰ ਸਭ ਕੁਝ ਸੱਚ ਸੱਚ ਦਸਣ ਦੀ ਮਹਤੱਤਾ ਸਮਝਾਉ।

ਤੁਹਾਨੂੰ ਆਪਣੇ ਬੱਚੇ ਨੂੰ ਇਹ ਕਦੀ ਨਹੀਂ ਦਸਣਾ ਚਾਹੀਦਾ ਕਿ ਉਹ ਕੀ ਕਹੇ ਜਾਂ ਉਸ ਵਲੋਂ ਦਿਤੇ ਜਾਣ ਵਾਲੇ ਜਵਾਬਾਂ ਦਾ ਅਭਿਆਸ ਨਹੀਂ ਕਰਾਉਣਾ ਚਾਹੀਦਾ।

ਧੰਨਵਾਦ

# ਲਾਹੇਵੰਦੇ ਸੰਪਰਕ ਪਤਿਆਂ ਦੇ ਵੇਰਵੇ

ਪੁਲੀਸ ਅਫ਼ਸਰਃ

ਪ੍ਰੋਕਿਉਰੇਟਰ ਫ਼ਿਸਕਲਃ

ਬੱਚਿਆਂ ਸੰਬੰਧੀ ਰਿਪੋਰਟਰਃ

ਸੇਫ਼ਗਾਰਡਰਃ

ਵਕੀਲਃ

ਪੀੜਤਾਂ ਲਈ ਸੂਚਨਾ ਅਤੇ ਸਲਾਹ **(VIA)**:

ਗਵਾਹ ਸੇਵਾ (ਵਿਟਨੈੱਸ ਸਰਵਿਸ):

ਵਿਕਟਮ ਸਪੋਰਟ ਸਕਾਟਲੈਂਡਃ

ਸਮਰਥਨ ਦੇਣ ਵਾਲਾ ਵਿਅਕਤੀ:

## ਤੁਹਾਡੇ ਨੋਟ

ਇਸ ਦਸਤਾਵੇਜ਼ ਦੀਆਂ ਹੋਰ ਕਾਪੀਆਂ, ਬੇਨਤੀ ਕੀਤੇ ਜਾਣ 'ਤੇ,
ਆਡਿਓ, ਵਡੇ ਅੱਖਰਾਂ ਅਤੇ ਕਮਿਊਨਿਟੀ ਭਾਸ਼ਾਵਾਂ ਵਿੱਚ ਉਪਲਬਧ
ਹਨ। ਕਿਰਪਾ ਕਰਕੇ 0131 244 2213 'ਤੇ ਸੰਪਰਕ ਕਰੋ।

© ਕ੍ਰਾਉਨ ਕਾਪੀਰਾਈਟ 2005

ਇਹ ਦਸਤਾਵੇਜ਼ ਸਕਾਟਿਸ਼ ਐਗਜ਼ੈਕਟਿਵ ਦੀ ਵੈਬੱਸਾਈਟ: www.scotland.gov.uk 'ਤੇ ਵੀ ਉਪਲਬਧ ਹੈ।

Astron B41394 06/05 (Punjabi)

ਹੋਰ ਕਾਪੀਆਂ ਇਸ ਪਤੇ 'ਤੇ ਉਪਲਬਧ ਹਨ
Blackwell's Bookshop
53 South Bridge
Edinburgh
EH1 1YS

ਟੈਲੀਫ਼ੋਨ 'ਤੇ ਆਰਡਰ ਦੇਣ ਅਤੇ ਪੁਛਾਂ ਲਈ
0131 622 8283 ਜਾਂ 0131 622 8258

ਫ਼ੈਕਸ ਦੁਆਰਾ ਆਰਡਰ
0131 557 8149

ਈਮੇਲ ਦੁਆਰਾ ਆਰਡਰ
business.edinburgh@blackwell.co.uk

ਇਸ ਦਸਤਾਵੇਜ਼ ਨੂੰ ਮੂਲ ਦਸਤਾਵੇਜ਼ ਦਾ ਸਹੀ ਰੂਪ ਮੰਨਿਆ ਜਾਂਦਾ ਹੈ

**w w w . s c o t l a n d . g o v . u k**